ਰੋਜਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com
ਐਤਵਾਰ, 15 ਮਈ 2022
ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 427 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

# ਮੰਕੀਪਾਕਸ ਬਿਮਾਰੀ ਦੇ 2 ਮਰੀਜ਼ ਮਿਲੇ ਬ੍ਰਿਟੇਨ ’ਚ

**ਲੰਡਨ/ਲੋਕ ਬਾਣੀ**

ਲੰਡਨ ‘ਚ ਦੋ ਵਿਅਕਤੀਆਂ ਦੇ ਮੰਕੀਪਾਕਸ ਵਾਇਰਸ ਨਾਲ ਇਨਫੈਕਟਿਡ ਹੋਣ ਦਾ ਪਤਾ ਚੱਲਿਆ ਹੈ। ਇਸ ਦੀ ਪੁਸ਼ਟੀ ਬ੍ਰਿਟੇਨ ਦੀ ਸਿਹਤ ਸੁਰੱਖਿਆ ਏਜੰਸੀ (ਯੂ.ਕੇ.ਐੱਚ.ਐੱਸ.ਏ.) ਨੇ ਸ਼ਨੀਵਾਰ ਨੂੰ ਦਿੱਤੀ। ਪਿਛਲੇ ਹਫਤੇ ਏਜੰਸੀ ਦੇ ਇਕ ਘਰ ‘ਚ ਇਨਫੈਕਸ਼ਨ ਦੇ ਮਾਮਲੇ ਸਾਹਮਣੇ ਆਉਣ ਦੀ ਪੁਸ਼ਟੀ ਕੀਤੀ ਗਈ ਸੀ ਅਤੇ ਜੋ ਲੋਕ ਇਨਫੈਕਟਿਡ ਮਿਲੇ ਉਨ੍ਹਾਂ ਨੇ ਹਾਲ ‘ਚ ਨਾਈਜੀਰੀਆ ਦੀ ਯਾਤਰਾ ਕੀਤੀ ਸੀ। ਮੰਨਿਆ ਜਾ ਰਿਹਾ ਹੈ ਕਿ ਇਹ ਲੋਕ ਉਥੇ ਇਨਫੈਕਸ਼ਨ ਦੀ ਲਪੇਟ ‘ਚ ਆਏ ਸਨ। ਇਨਫੈਕਸ਼ਨ ਦੇ ਨਵੇਂ ਮਾਮਲੇ ਇਸੇ ਘਰ ‘ਚੋਂ ਮਿਲੇ ਹਨ ਪਰ ਇਨ੍ਹਾਂ ਦਾ ਸਬੰਧ ਪਹਿਲੇ ਦੇ ਮਾਮਲਿਆਂ ਨਾਲ ਨਹੀਂ ਹੈ। ਦੋਵੇਂ ਨਵੇਂ ਵਿਅਕਤੀਆਂ ਨੂੰ ਇਨਫੈਕਸ਼ਨ ਕਿਥੋ ਹੋਈ, ਕਿਵੇਂ ਹੋਈ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਯੂ.ਕੇ.ਐੱਚ.ਐੱਸ.ਏ. ਦੇ ਕਲੀਨਿਕਲ ਐਂਡ ਇਮਰਜਿੰਗ ਇਨਫੈਕਸ਼ਨ ਦੇ ਡਾਇਰੈਕਟਰ ਡਾ. ਕਾਲਿਨ ਬ੍ਰਾਊਨ ਨੇ ਕਿਹਾ ਕਿ ਅਸੀਂ ਬ੍ਰਿਟੇਨ ‘ਚ ਮੰਕੀਪਾਕਸ ਦੇ ਦੋ ਨਵੇਂ ਮਾਮਲਿਆਂ ਦੀ ਪੁਸ਼ਟੀ ਕੀਤੀ ਹੈ ਜੋ 7 ਮਈ ਨੂੰ ਐਲਾਨੇ ਗਏ ਮਾਮਲਿਆਂ ਨਾਲ ਜੁੜੇ ਨਹੀਂ ਹਨ। ਉਨ੍ਹਾਂ ਕਿਹਾ ਕਿ ਇਨਫੈਕਸ਼ਨ ਦੇ ਸਰੋਤ ਦਾ ਪਤਾ ਲਾਉਣ ਲਈ ਜਾਂਚ ਜਾਰੀ ਹੈ, ਇਸ ਗੱਲ ‘ਤੇ ਜੋਰ ਦੇਣਾ ਮਹੱਤਵਪੂਰਨ ਹੈ ਕਿ ਇਹ ਲੋਕਾਂ ਦੇ ਦਰਮਿਆਨ ਆਸਾਨੀ ਨਾਲ ਨਹੀਂ ਫੈਲਦਾ ਹੈ।





## ਸ੍ਰੀਲੰਕਾ ਦੀ ਮਦਦ ਕਰੇਗਾ ਹੁਣ ਭਾਰਤ

**ਦਿੱਲੀ/ਕਪੂਰ**

ਕੋਲੰਬੋ : ਸ੍ਰੀਲੰਕਾ ਵਿਚ ਜਾਰੀ ਵਿਨਾਸਕਾਰੀ ਆਰਥਿਕ ਸੰਕਟ ਦੇ ਵਿਚਕਾਰ ਭਾਰਤ ਨੇ ਇੱਕ ਵਾਰ ਫਿਰ ਮਦਦ ਦਾ ਹੱਥ ਵਧਾਇਆ ਹੈ। ਭਾਰਤ ਇੱਕ ਹੋਰ ਪਹਿਲਕਦਮੀ ਵਿੱਚ ਇਸ ਵਾਰ ਟਾਪੂ ਦੇਸ ਨੂੰ 65,000 ਮੀਟ੍ਰਿਕ ਟਨ ਯੂਰੀਆ ਦੀ ਸਪਲਾਈ ਕਰੇਗਾ। ਰਿਪੋਰਟਾਂ ਅਨੁਸਾਰ, ਭਾਰਤ ਵਿੱਚ ਸ੍ਰੀਲੰਕਾ ਦੇ ਹਾਈ ਕਮਿਸਨਰ ਮਿਲਿੰਡਾ ਮੋਰਾਗੋਡਾ ਨੇ ਵੀਰਵਾਰ ਨੂੰ ਭਾਰਤ ਦੇ ਖਾਦ ਵਿਭਾਗ ਦੇ ਸਕੱਤਰ ਰਾਜੇਸ ਕੁਮਾਰ ਚਤੁਰਵੇਦੀ ਨਾਲ ਮੀਟਿੰਗ ਕੀਤੀ, ਜਿੱਥੇ ਇਸ ਮੁੱਦੇ ‘ਤੇ ਚਰਚਾ ਕੀਤੀ ਗਈ।

ਸ੍ਰੀਲੰਕਾ ਦੇ ਹਾਈ ਕਮਿਸਨ ਨੇ ਕਿਹਾ, “ਹਾਈ ਕਮਿਸਨਰ ਮਿਲਿੰਦਾ ਮੋਰਾਗੋਡਾ ਨੇ ਭਾਰਤ ਦੇ ਖਾਦ ਵਿਭਾਗ ਦੇ ਸਕੱਤਰ ਰਾਜੇਸ ਕੁਮਾਰ ਚਤੁਰਵੇਦੀ ਨਾਲ ਮੁਲਾਕਾਤ ਕੀਤੀ ਅਤੇ ਸ੍ਰੀਲੰਕਾ ਵਿੱਚ ਮੌਜੂਦਾ ਯਾਲਾ ਖੇਤੀ ਸੀਜਨ ਲਈ ਲੋੜੀਂਦੇ 65,000 ਮੀਟ੍ਰਿਕ ਟਨ ਯੂਰੀਆ ਦੀ ਸਪਲਾਈ ਕਰਨ ਦੇ ਭਾਰਤ ਦੇ ਫੈਸਲੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ।“



ਡੇਲੀ ਮਿਰਰ ਦੀ ਰਿਪੋਰਟ ਅਨੁਸਾਰ ਮੀਟਿੰਗ ਵਿੱਚ, ਮੋਰਾਗੋਡਾ ਅਤੇ ਕੁਮਾਰ ਚਤੁਰਵੇਦੀ ਦੋਵਾਂ ਨੇ ਇਹ ਯਕੀਨੀ ਬਣਾਉਣ ਲਈ ਸੰਭਾਵਿਤ ਤਰੀਕਿਆਂ ਅਤੇ ਉਪਾਵਾਂ ‘ਤੇ ਚਰਚਾ ਕੀਤੀ ਕਿ ਭਾਰਤ ਤੋਂ ਸ੍ਰੀਲੰਕਾ ਨੂੰ ਰਸਾਇਣਕ ਖਾਦਾਂ ਦੀ ਸਪਲਾਈ ਮੌਜੂਦਾ ਕ੍ਰੈਡਿਟ ਲਾਈਨ ਅਤੇ ਇਸ ਤੋਂ ਬਾਅਦ ਵੀ ਜਾਰੀ ਰਹੇ।

## ਵਿਦੇਸ਼ ਵਿੱਚ ਪਲਟੀ ਕਿਸ਼ਤੀ 11 ਦੀ ਹੋਈ ਮੋਤ

**ਸੈਨ ਜੁਆਨ/ਲੋਕ ਬਾਣੀ:-** ਅਮਰੀਕਾ ‘ਚ ਪਯੂਰਟੋ ਰਿਕੋ ਨੇੜੇ ਇਕ ਟਾਪੂ ਦੇ ਉੱਤਰ-ਪੱਛਮ ‘ਚ ਇਕ ਕਿਸ਼ਤੀ ਪਲਟਣ ਕਾਰਨ 11 ਲੋਕਾਂ ਦੀ ਮੌਤ ਹੋ ਗਈ ਜਦਕਿ 38 ਹੋਰਾਂ ਨੂੰ ਬਚਾ ਲਿਆ ਗਿਆ ਹੈ। ਅਮਰੀਕੀ ਕੋਸਟ ਗਾਰਡ ਕਿਸ਼ਤੀ, ਜਹਾਜ ਅਤੇ ਹੈਲੀਕਾਪਟਰ ਰਾਹੀਂ ਕਿਸ਼ਤੀ ‘ਚ ਸਵਾਰ ਹੋਰ ਲੋਕਾਂ ਦੀ ਭਾਲ ‘ਚ ਸ਼ੁੱਕਰਵਾਰ ਨੂੰ ਜੁਟੇ ਰਹੇ। ਖਦਸ਼ਾ ਹੈ ਕਿ ਕਿਸ਼ਤੀ ‘ਚ ਪ੍ਰਵਾਸੀ ਸਵਾਰ ਸਨ। ਯੂ.ਐੱਸ. ਕਸਟਮਜ ਅਤੇ ਬਾਰਡਰ ਪ੍ਰੋਟੈਕਸਨ ਦੇ ਇਕ ਹੈਲੀਕਪਟਰ ਨੇ ਪਾਣੀ ਵਾਲੇ ਖੇਤਰ ‘ਚ ਪਲਟੀ ਕਿਸ਼ਤੀ ਦਾ ਵੀਰਵਾਰ ਨੂੰ ਪਤਾ ਲਾਇਆ ਸੀ। ਡੇਸਚੇਓ ਟਾਪੂ ਦੇ ਉੱਤਰ ‘ਚ 18 ਕਿਲੋਮੀਟਰ ਦੇ ਦਾਇਰੇ ‘ਚ ਬਚਾਅ ਕੋਸ਼ਿਸ਼ਾਂ ਨੂੰ ਕੇਂਦਰਿਤ ਕੀਤਾ ਗਿਆ ਹੈ। ਇਸ ਟਾਪੂ ‘ਤੇ ਲੋਕ ਨਹੀਂ ਰਹਿੰਦੇ ਹਨ। ਅਮਰੀਕੀ ਕੋਸਟ ਗਾਰਡ ਦੇ ਬੁਲਾਰੇ ਰਿਕਾਰਡੋ ਕਾਸਟ੍ਰੋਡੈਡ ਨੇ ਦੱਸਿਆ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਕਰਮਚਾਰੀਆਂ ਨੇ ਰਾਤ ਭਰ ਕੰਮ ਕੀਤਾ ਹੈ।




## ਕੋਰੀਆ ਵਿੱਚ ਅਨੋਖੇ ਬੁਖਾਰ ਕਾਰਨ 21 ਮੌਤਾਂ

ਕੋਰੋਨਾ ਮਹਾਮਾਰੀ ਦਾ ਪਹਿਲੀ ਵਾਰ ਸਾਹਮਣਾ ਕਰ ਰਹੇ ਉੱਤਰੀ ਕੋਰੀਆ ‘ਚ ਸੁੱਕਰਵਾਰ ਨੂੰ ਰਹੱਸਮਈ ਬੁਖਾਰ ਨਾਲ ਪੀੜਤ 21 ਲੋਕਾਂ ਦੀ ਮੌਤ ਹੋ ਗਈ।

ਸਰਕਾਰੀ ਸਮਾਚਾਰ ਏਜੰਸੀ ਨੇ ਸਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਕੇਸੀਐਨਏ ਨਿਊਜ ਏਜੰਸੀ ਨੇ ਇਹ ਨਹੀਂ ਦੱਸਿਆ ਕਿ ਕੀ ਨਵੀਆਂ ਮੌਤਾਂ ਕੋਵਿਡ ਕਾਰਨ ਹੋਈਆਂ ਹਨ। ਹਾਲਾਂਕਿ, ਕੇਸੀਐਨਏ ਨੇ ਸੁੱਕਰਵਾਰ ਨੂੰ ਪੁਸਟੀ ਕੀਤੀ ਕਿ ਮਰਨ ਵਾਲਿਆਂ ਵਿੱਚੋਂ ਇੱਕ ਦੀ ਮੌਤ ਕੋਰੋਨਾ ਵਾਇਰਸ ਦੇ ਓਮੀਕਰੋਨ ਵੇਰੀਐਂਟ ਨਾਲ ਹੋਈ ਹੈ। ਕੇਸੀਐਨਏ ਨੇ ਕਿਹਾ ਕਿ ਅਪ੍ਰੈਲ ਦੇ ਅੰਤ ਤੋਂ ਦੇਸ ਵਿੱਚ ਬੁਖਾਰ ਨਾਲ ਬਿਮਾਰ 2 ਲੱਖ 80 ਹਜਾਰ ਤੋਂ ਵੱਧ ਲੋਕਾਂ ਦਾ ਇਲਾਜ ਕੀਤਾ ਗਿਆ ਹੈ। ਬੁਖਾਰ ਕਾਰਨ ਹੁਣ ਤੱਕ 27 ਲੋਕਾਂ ਦੀ ਮੌਤ ਹੋ ਚੁੱਕੀ ਹੈ। ਕੇਸੀਐਨਏ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਦੀ ਸਨੀਵਾਰ ਤੜਕੇ ਬੈਠਕ ਹੋਈ, ਜਿਸ ਵਿੱਚ ਰਾਸਟਰਪਤੀ ਕਿਮ ਜੋਂਗ ਉਨ ਵੀ ਸਾਮਲ ਹੋਏ। ਇਸ ਮੀਟਿੰਗ ਵਿੱਚ ਇੱਕ ਰਿਪੋਰਟ ਪੇਸ ਕੀਤੀ ਗਈ, ਜਿਸ ਵਿੱਚ ਕਿਹਾ ਗਿਆ ਕਿ ਇਹ ਬਿਮਾਰੀ ਦੇਸ ਦੀ ਸਥਾਪਨਾ ਤੋਂ ਬਾਅਦ ਸਭ ਤੋਂ ਵੱਡੀ ਆਫਤ ਬਣ ਕੇ ਉੱਭਰੀ ਹੈ, ਪਰ ਇਸ ਨੂੰ ਰੋਕਿਆ ਜਾ ਸਕਦਾ ਹੈ। ਫਿਲਹਾਲ ਇਸ ਰਹੱਸਮਈ ਬੁਖਾਰ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਹਾਲਾਂਕਿ, ਇਹ ਸੱਕ ਹੈ ਕਿ ਬੁਖਾਰ ਦੇ ਪਿੱਛੇ ਮੁੱਖ ਕਾਰਨ ਕੋਰੋਨਾ ਹੋ ਸਕਦਾ ਹੈ।





## ਜੇਕਰ ਖਰੀਦਣ ਦਾ ਰਹੇ ਹੋ ਟੀਵੀ, ਫਰਿੱਜ ਤਾ ਹੁਣ ਜਿਆਦਾ ਪੈਸੇ ਦੇਣੇ ਪੈਣਗੇ

**ਚੰਡੀਗੜ੍ਹ/ਵਿਨੋਦ ਸ਼ਰਮਾ**

ਅਮਰੀਕੀ ਡਾਲਰ ਦੇ ਮੁਕਾਬਲੇ ਰੁਪਏ ‘ਚ ਕਮਜੋਰੀ ਅਤੇ ਚੀਨ ਦੇ ਸੰਘਾਈ ‘ਚ ਲੌਕਡਾਊਨ ਨੇ ਵੀ ਕੰਪਨੀਆਂ ‘ਤੇ ਦਬਾਅ ਵਧਾਇਆ ਹੈ। ਰੁਪਏ ਦੇ ਕਮਜੋਰ ਹੋਣ ਕਾਰਨ ਦਰਾਮਦ ਸਾਮਾਨ ਮਹਿੰਗਾ ਹੋ ਗਿਆ ਹੈ। ਦੱਸ ਦੇਈਏ ਕਿ ਕੰਜ਼ਿਊਮਰ ਇਲੈਕਟ੍ਰੋਨਿਕਸ ਇੰਡਸਟਰੀ ਮੁੱਖ ਕੰਪੋਨੈਂਟਸ ਲਈ ਆਯਾਤ ‘ਤੇ ਨਿਰਭਰ ਹੈ। ਇਸ ਲਈ ਕੰਪਨੀਆਂ ਹੁਣ ਆਪਣੇ ਉਤਪਾਦ 3 ਤੋਂ 5 ਫੀਸਦੀ ਤੱਕ ਮਹਿੰਗੇ ਕਰਨ ‘ਤੇ ਵਿਚਾਰ ਕਰ ਰਹੀਆਂ ਹਨ।

## ਬਿਆਸ ਦਰੀਆ ’ਚ ਨੌਜਵਾਨ ਡੁੱਬਿਆ

**ਚੋਹਲਾ ਸਾਹਿਬ/ਜੋਗਿੰਦਰ ਸਿੰਘ:-** ਪਿੰਡ ਘੜਕਾ ਨੇੜੇ ਬਿਆਸ ਦਰਿਆ ਵਿੱਚ ਨਹਾਉਣ ਗਏ ਦੋ ਨੌਜਵਾਨ ਅੱਜ ਪਾਣੀ ਦੇ ਤੇਜ ਵਹਾਅ ਵਿੱਚ ਰੁੜ੍ਹ ਗਏ। ਪਿੰਡ ਵਾਸੀਆਂ ਨੇ ਦੋਵੇਂ ਨੌਜਵਾਨਾਂ ਦੀਆਂ ਲਾਸ਼ਾਂ ਬਾਹਰ ਕੱਢੀਆਂ। ਡੁੱਬਣ ਵਾਲੇ ਦੋਵੇਂ ਨੌਜਵਾਨ ਪੱਟੀ ਖੇਤਰ ਦੇ ਪਿੰਡ ਧਗਾਣਾ ਦੇ ਰਹਿਣ ਵਾਲੇ ਸਨ ਤੇ ਪਿੰਡ ਪੱਖੋਪੁਰ ਦੇ ਸੁਰਜੀਤ ਸਿੰਘ ਕੋਲ ਤੂੜੀ ਬਣਾਉਣ ਵਾਲੀ ਮਸ਼ੀਨ ’ਤੇ ਮਜ਼ਦੂਰੀ ਕਰਦੇ ਸਨ। ਅੱਜ ਜਦੋਂ ਦੋਵੇਂ ਦਰਿਆ ਬਿਆਸ ਵਿੱਚ ਨਹਾਉਣ ਲਈ ਗਏ ਤਾਂ ਪਾਣੀ ਦਾ ਵਹਾਅ ਤੇਜ ਹੋਣ ਕਾਰਨ ਦੋਵੇਂ ਰੁੜ੍ਹ ਗਏ ਤੇ ਇਨ੍ਹਾਂ ਦੀਆਂ ਲਾਸ਼ਾਂ ਪਿੰਡ ਘੜਕਾ ਨੇੜੇ ਬਣੇ ਆਰਜੀ ਪੈਂਟੂਨ ਪੁਲ ਕੋਲੋਂ ਮਿਲੀਆਂ ਹਨ।



## ਸੀਨੀਅਰ ਨੇਤਾ ਜਾਖੜ ਨੇ ਛੱਡੀ ਕਾਂਗਰਸ

**ਜਲੰਧਰ/ਰਕੇਸ਼ ਵਰਮਾ:-** ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਸੁਨੀਲ ਜਾਖੜ ਨੇ ਅੱਜ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ। ਉਨ੍ਹਾਂ ਨੇ ਇਸ ਗੱਲ ਦਾ ਐਲਾਨ ਫੇਸਬੁੱਕ ‘ਤੇ ਲਾਈਵ ਹੋ ਕੇ ਕੀਤਾ। ਆਪਣੀ ‘ਦਿਲ ਕੀ ਗੱਲ’ ਬੋਲਣ ਲਈ ਫੇਸਬੁੱਕ ‘ਤੇ ਲਾਈਵ ਹੋਣ ਤੋਂ ਘੰਟੇ ਪਹਿਲਾਂ ਸੁਨੀਲ ਜਾਖੜ ਨੇ ਆਪਣੇ ਟਵਿੱਟਰ ਹੈਂਡਲ ਤੋਂ ਕਾਂਗਰਸ ਦਾ ਚਿੰਨ੍ਹ ਹਟਾ ਦਿੱਤਾ ਸੀ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਮੌਸਮ ਵਿਭਾਗ ਦਾ ਅਲਰਟ; 15 ਮਈ ਨੂੰ ਪਵੇਗੀ ਭਾਰੀ ਬਾਰਸ਼

**ਨਵੀਂ ਦਿੱਲੀ/ਲੋਕ ਬਾਣੀ**

ਭਾਰਤੀ ਮੌਸਮ ਵਿਭਾਗ (ਆਈਐੱਮਡੀ) ਨੇ ਜਾਰੀ ਇਕ ਬਿਆਨ ’ਚ ਕਿਹਾ ਕਿ, ਗਰਮੀ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਵੱਡੀ ਰਾਹਤ ਦੀ ਖ਼ਬਰ ਹੈ। ਇਸ ਸਾਲ ਦੱਖਣ-ਪੱਛਮ ਮੌਨਸੂਨ ਛੇਤੀ ਆ ਰਿਹਾ ਹੈ।

ਮੌਸਮ ਵਿਭਾਗ ਮੁਤਾਬਿਕ, ਅੰਡੇਮਾਨ ਨਿਕੋਬਾਰ ਟਾਪੂਆਂ ’ਚ 15 ਮਈ ਨੂੰ ਪਹਿਲੀ ਮੌਸਮੀ ਬਾਰਿਸ਼ ਹੋਣ ਦੀ ਉਮੀਦ ਹੈ।

ਆਮ ਤੌਰ ’ਤੇ ਮੌਨਸੂਨ 19-20 ਮਈ ਤਕ ਅੰਡੇਮਾਨ ਨਿਕੋਬਾਰ ਟਾਪੂਆਂ ’ਚ ਪੁੱਜਦਾ ਹੈ। ਇਸ ਸਾਲ ਸਮੇਂ ਤੋਂ ਚਾਰ ਦਿਨ ਪਹਿਲਾਂ 26 ਮਈ ਨੂੰ ਮੌਨਸੂਨ ਦੇ ਕੇਰਲ ਪੁੱਜਣ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਨੇ ਕਿਹਾ ਕਿ ਦੱਖਣੀ-ਪੱਛਮੀ ਮੌਨਸੂਨ ਦੇ 15 ਮਈ ਦੇ ਨੇੜੇ-ਤੇੜੇ ਦੱਖਣ ਅੰਡੇਮਾਨ ਸਾਗਰ ਤੇ ਨੇੜਲੇ ਦੱਖਣ-ਪੂਰਬੀ ਖਾੜੀ ’ਚ ਪੁੱਜਣ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਦਾ ਕਹਿਣਾ ਹੈ ਕਿ ਅਗਲੇ ਪੰਜ ਦਿਨ ਅੰਡੇਮਾਨ ਨਿਕੋਬਾਰ ਟਾਪੂਆਂ ’ਚ ਹਲਕੀ ਤੋਂ ਦਰਮਿਆਨੀ



ਬਾਰਿਸ਼ ਹੋਣ ਦੀ ਸੰਭਾਵਨਾ ਹੈ।

# ਭਾਜਪਾ ਨੂੰ ਵੱਡਾ ਝਟਕਾ, ਬਿਪਲਬ ਦੇਬ ਨੇ ਦਿੱਤਾ ਅਸਤੀਫਾ

**ਨਵੀਂ ਦਿੱਲੀ/ਲੋਕ ਬਾਣੀ**



ਤ੍ਰਿਪੁਰਾ ਦੇ ਮੁੱਖ ਮੰਤਰੀ ਬਿਪਲਬ ਕੁਮਾਰ ਦੇਬ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਸਨੀਵਾਰ ਨੂੰ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਉਹ 7 ਜਨਵਰੀ 2016 ਤੋਂ ਤ੍ਰਿਪੁਰਾ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾ ਪ੍ਰਧਾਨ ਹਨ।

ਉਨ੍ਹਾਂ ਨੇ 2018 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਕੀਤੀ ਅਤੇ ਇਨਾਂ ਚੋਣਾਂ ਵਿੱਚ ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ 25 ਸਾਲਾਂ ਤੋਂ ਰਾਜ ਕਰ ਰਹੀ ਖੱਬੇ ਮੋਰਚੇ ਦੀ ਸਰਕਾਰ ਨੂੰ ਹਰਾਇਆ।

ਦੱਸ ਦੇਈਏ ਕਿ ਹੁਣ ਤ੍ਰਿਪੁਰਾ ਦੇ ਉਪ ਮੁੱਖ ਮੰਤਰੀ ਜਿਸਨੂ ਦੇਵ ਵਰਮਾ ਅਤੇ ਤ੍ਰਿਪੁਰਾ ਦੀ ਪਹਿਲੀ ਕੇਂਦਰੀ ਮੰਤਰੀ ਵਜੋਂ ਮਸਹੂਰ ਪ੍ਰਤਿਮਾ ਭੌਮਿਕ ਦਾ ਨਾਂ ਸੀਐਮ ਦੀ ਦੌੜ ਵਿੱਚ ਸਾਹਮਣੇ ਆ ਰਿਹਾ ਹੈ।

# ਵਿਜੀਲੈਂਸ ਨੇ ਰਿਸ਼ਵਤ ਲੈਂਦਾ ਪੰਜਾਬ ਪੁਲਿਸ ਦਾ ਥਾਣੇਦਾਰ ਫੜਿਆ, ਹੌਲਦਾਰ ਫਰਾਰ

**ਲੁਧਿਆਣਾ/ਲੋਕ ਬਾਣੀ**

ਵਿਜੀਲੈਂਸ ਬਿਊਰੋ ਰੇਜ਼ ਲੁਧਿਆਣਾ ਨੇ ਰਿਸ਼ਵਤ ਲੈਂਦੇ ਹੋਏ ਏਐਸਆਈ ਅਸ਼ੋਕ ਕੁਮਾਰ ਨੂੰ ਗ੍ਰਿਫਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ, ਜਦੋਂਕਿ ਏਐਸਆਈ ਦਾ ਰਿਸ਼ਵਤਖੋਰ ਸਾਥੀ ਹੌਲਦਾਰ ਰਾਜ ਗੋਪਾਲ ਫਰਾਰ ਦੱਸਿਆ ਜਾ ਰਿਹਾ ਹੈ। ਦੋਵੇਂ ਮੁਲਜਮਾਂ ਖ਼ਿਲਾਫ਼ ਮੁਕੱਦਮਾ ਨੰਬਰ 06, ਅਧੀਨ ਧਾਰਾ 7 ਪੀ.ਸੀ. ਐਕਟ 1988 ਐਜ ਅਮੈਂਡਿਡ ਬਾਏ ਅਮੈਂਡਮੈਂਟ ਐਕਟ 2018 ਥਾਣਾ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਵਲੋਂ ਮਾਮਲਾ ਦਰਜ ਕੀਤਾ ਗਿਆ ਹੈ। ਵਿਜੀਲੈਂਸ ਵਲੋਂ ਜਾਰੀ ਪ੍ਰੈਸ ਬਿਆਨ ਮੁਤਾਬਕ, ਉਹਨਾਂ ਨੂੰ ਹੈਲਪ ਲਾਈਨ ਨੰਬਰ ‘ਤੇ ਹਰਪ੍ਰੀਤ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਪਿੰਡ ਲਾਪਰਾਂ ਲੁਧਿਆਣਾ ਨੇ ਸ਼ਿਕਾਇਤ ਦਰਜ ਕਰਵਾ ਕੇ ਦੋਸ਼ ਲਗਾਇਆ ਸੀ ਕਿ, ਉਹਨੇ ਇੱਕ ਦਰਖਾਸਤ ਪੁਲਿਸ ਕਮਿਸਨਰ ਲੁਧਿਆਣਾ ਦੇ ਪੇਸ ਹੋ ਦਿੱਤੀ ਸੀ। ਜਿਸ ਦਾ ਯੂ.ਆਈ.ਡੀ ਨੰਬਰ 2307580 ਹੈ, ਇਹ ਦਰਖਾਸਤ ਅਗਲੇਰੀ ਕਾਰਵਾਈ ਲਈ ਏ.ਐਸ.ਆਈ ਅਸੋਕ ਕੁਮਾਰ ਚੌਕੀ ਇੰਚਾਰਜ ਬਸੰਤ ਪਾਰਕ ਸ?ਿਮਲਾਪੁਰੀ ਨੂੰ ਮਾਰਕ ਹੋਈ।

ਵਿਜੀਲੈਂਸ ਅਨੁਸਾਰ, ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕਿ, ਚੌਂਕੀ ਇੰਚਾਰਜ ਅਤੇ ਐਚ.ਸੀ ਰਾਜ ਗੋਪਾਲ ਵੱਲੋਂ ਉਹਨਾਂ ਦੀ ਦਰਖਾਸਤ ‘ਤੇ ਕਾਰਵਾਈ ਕਰਕੇ ਦੋਸੀਆਂ ਵਿਰੁੱਧ ਮੁਕੱਦਮਾ ਦਰਜ ਕਰਨ ਬਦਲੇ 10 ਹਜਾਰ ਰੁਪਏ ਦੀ ਮੰਗ ਕੀਤੀ ਅਤੇ ਮਾਮਲਾ 5 ਹਜਾਰ ਰੁਪਏ ਵਿੱਚ ਰਿਸਵਤ ਲੈ ਕੇ ਕੰਮ ਕਰਨ ਵਿੱਚ ਤੈਅ ਹੋ ਗਿਆ। ਇਸੇ ਮਾਮਲੇ ਵਿੱਚ ਵਿਜੀਲੈਂਸ ਦੇ ਡੀ.ਐਸ.ਪੀ. ਜਸਵਿੰਦਰ ਸਿੰਘ ਵੱਲੋਂ ਏ.ਐਸ.ਆਈ. ਅਸੋਕ ਕੁਮਾਰ ਨੂੰ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਮੁੱਦਈ ਕੋਲੋਂ 5 ਹਜਾਰ ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ, ਜਦੋਂਕਿ ਐਚ.ਸੀ ਰਾਜ ਗੋਪਾਲ ਮੌਕੇ ਦਾ ਫਾਇਦਾ ਚੁੱਕ ਕੇ ਫਰਾਰ ਹੋ ਗਿਆ ਹੈ, ਜਿਸ ਦੀ ਭਾਲ ਜਾਰੀ ਹੈ।

# ਸਰਕਾਰੀ ਹਸਪਤਾਲ ਦੀ ‘ਚ ਲੱਗੀ ਭਿਆਨਕ ਅੱਗ

**ਅਮ੍ਰਿਤਸਰ/ਲੋਕ ਬਾਣੀ**

ਅਮ੍ਰਿਤਸਰ ਦੇ ਸਰਕਾਰੀ ਗੁਰੂ ਨਾਨਕ ਦੇਵ ਹਸਪਤਾਲ ਨੂੰ ਭਿਆਨਕ ਅੱਗ ਲੱਗਣ ਦੀ ਖ਼ਬਰ ਮਿਲੀ ਹੈ। ਜਾਣਕਾਰੀ ਦੇ ਅਨੁਸਾਰ ਹਸਪਤਾਲ ਦੀ ਓਪੀਡੀ-ਕੰਮ ਐਚ.ਆਰ ਬਿਲਡਿੰਗ ਨੂੰ ਅੱਜ ਉਸ ਵੇਲੇ ਅੱਗ ਲੱਗ ਗਈ, ਜਦੋਂ ਮਰੀਜ਼ਾਂ ਦਾ ਅੰਦਰ ਇਲਾਜ਼ ਚੱਲ ਰਿਹਾ ਸੀ।

ਅੱਗ ਲੱਗਣ ਦੀ ਘਟਨਾ ਨਾਲ ਮਰੀਜ਼ਾਂ ਅਤੇ ਸਟਾਫ਼ ਵਿੱਚ ਹਫੜਾ ਦਫ਼ੜੀ ਮੱਚ ਗਈ ਅਤੇ ਸਾਰਿਆਂ ਨੇ ਬਿਲਡਿੰਗ ਵਿੱਚੋਂ ਬਾਹਰ ਆ ਕੇ ਜਾਨ ਬਚਾਈ।

ਫਿਲਹਾਲ ਰਾਹਤ ਦੀ ਖ਼ਬਰ ਇਹ ਹੈ ਕਿ, ਇਸ ਹਾਦਸੇ ਵਿੱਚ ਕਿਸੇ ਦੀ ਜਾਨ ਨਹੀਂ ਗਈ ਅਤੇ ਫਾਇਰ ਬ੍ਰਿਗੇਡ ਦੇ ਵੱਲੋਂ ਅੱਗ ਤੇ ਕਾਬੂ ਪਾ ਲ਼ਿਆ ਗਿਆ ਹੈ।

# ਕਸਬਾ ਸੇਰਪੁਰ ’ਚ ਜਲੂਰ ਰੋਡ ਤੇ ਹੋਏ ਸੜਕ ਹਾਦਸੇ ’ਚ ਜ਼ਖਮੀ ਨੇ ਦਮ ਤੋੜਿਆ

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਕਸਬਾ ਸ਼ੇਰਪੁਰ ਵਿੱਚ ਵੀਰਵਾਰ ਦੀ ਲੰਘੀ ਰਾਤ ਨੂੰ ਪੁਰਾਣੀ ਤਹਿਸੀਲ ਕੋਲ ਜਲੂਰ ਰੋਡ ਤੇ ਆਪਣੇ ਘਰ ਤੋਂ ਰੋਟੀ ਖਾ ਕੇ ਆਪਣੇ ਬਾਹਰਲੇ ਘਰ ਵਾਪਿਸ ਆ ਰਹੇ ਨਛੱਤਰ ਸਿੰਘ 70 ਸਾਲ ਪੁੱਤਰ ਮਹਿੰਦਰ ਸਿੰਘ ਧਾਲੀਵਾਲ ਨੂੰ ਕਿਸੇ ਅਗਿਆਤ ਵਾਹਨ ਨੇ ਫੇਟ ਮਾਰ ਦਿੱਤੀ ਜਿਸ ਕਾਰਨ ਉਹ ਗੰਭੀਰ ਜਖਮੀ ਹੋ ਗਏ ਜ਼ਖਮੀ ਹਾਲਤ ਵਿਚ ਉਨ੍ਹਾਂ ਨੂੰ ਸ਼ੇਰਪੁਰ ਦੇ ਕਮਿਊਨਿਟੀ ਹੈਲਥ ਸੈਂਟਰ ਵਿੱਚ ਲਿਆਂਦਾ ਗਿਆ । ਜਿੱਥੇ ਡਾਕਟਰਾਂ ਨੇ ਉਨ੍ਹਾਂ ਦੀ ਹਾਲਤ ਨੂੰ ਦੇਖਦੇ ਹੋਏ ਸਿਵਲ ਹਸਪਤਾਲ ਧੂਰੀ ਰੈਫਰ ਕਰ ਦਿੱਤਾ ਪਰ ਹਾਲਤ ਏਨੀ ਜ?ਿਆਦਾ ਗੰਭੀਰ ਸੀ ਕਿ ਡਾਕਟਰਾਂ ਨੇ ਉਨ੍ਹਾਂ ਨੂੰ ਪਟਿਆਲੇ ਲੈ ਕੇ ਜਾਣ ਦੀ ਸਲਾਹ ਦਿੱਤੀ ਪਰ ਉਹ ਰਸਤੇ ਵਿੱਚ ਦਮ ਤੋੜ ਗਏ । ਪੁਲੀਸ ਥਾਣਾ ਸ਼ੇਰਪੁਰ ਏਐੱਸਆਈ ਚਰਨਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਨਛੱਤਰ ਸਿੰਘ ਦੇ ਵੱਡੇ ਭਰਾ ਗੁਰਮੇਲ ਸਿੰਘ ਧਾਲੀਵਾਲ ਦੇ ਬਿਆਨਾਂ ਉੱਤੇ ਡੀ ਡੀ ਆਰ 24 / ਆਈ ਪੀ ਸੀ 174 ਦੇ ਤਹਿਤ ਕਾਰਵਾਈ ਕਰਕੇ ਧੂਰੀ ਦੇ ਸਿਵਲ ਹਸਪਤਾਲ ਵਿਚ ਉਨ੍ਹਾਂ ਦਾ ਪੋਸਟਮਾਰਟਮ ਕਰਨ ਤੋਂ ਬਾਅਦ ਲਾਸ਼ ਮ੍ਰਿਤਕ ਦੇ ਵਾਰਸਾਂ ਨੂੰ ਦੇ ਦਿੱਤੀ ਹੈ ਸ਼ੇਰਪੁਰ ਦੇ ਰਾਮਬਾਗ ਵਿਖੇ ਮ੍ਰਿਤਕ ਨਛੱਤਰ ਸਿੰਘ ਦਾ ਅੰਤਿਮ ਸਸਕਾਰ ਸਨੀਵਾਰ ਨੂੰ ਦੁਪਹਿਰ 2 ਵਜੇ ਕਰ ਦਿੱਤਾ ਗਿਆ ।

# ਪਿੰਡ ਛੰਨਾਂ ’ਚ ਚੈਕਿੰਗ ਕਰਨ ਆਏ “ਪਾਵਰਕਾਮ” ਦੇ ਅਧਿਕਾਰ ਤੇ ਕਰਮਚਾਰੀ ਕਿਸਾਨਾਂ ਨੇ ਬੰਧਕ ਬਣਾਏ



**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਏ ਜਾਂਦੇ ਇਤਿਹਾਸਕ ਫੈਸਲਿਆਂ ਤੋਂ ਬਾਅਦ ਪੰਜਾਬ ਦੇ ਸਾਰੇ ਵਿਭਾਗ ਦੇ ਕਰਮਚਾਰੀ ਹੀ ਹਰਕਤ ਵਿਚ ਆਏ ਹੋਏ ਹਨ ਕਸਬਾ ਸ਼ੇਰਪੁਰ ਤੋਂ ਥੋੜ੍ਹੀ ਦੂਰ ਪਿੰਡ ਰਾਮਨਗਰ ਛੰਨਾ ਵਿੱਚ ਪਾਵਰਕਾਮ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸ਼ਨੀਵਾਰ ਨੂੰ ਸਵੇਰੇ ਸਵੇਰੇ ਪਿੰਡ ਦੀ ਚੈਕਿੰਗ ਦੀ ਰੇਡ ਕੀਤੀ ਤਾਂ ਉਨ੍ਹਾਂ ਨੂੰ ਇਹ ਰੇਡ ਉਸ ਸਮੇਂ ਭਾਰੀ ਪੈ ਗਈ ਜਦੋਂ ਪਿੰਡ ਦੇ ਗੁਰਦੁਆਰੇ ਵਿੱਚ ਅਨਾਊਂਸਮੈਂਟ ਕਰਕੇ ਸਾਰੇ ਨਗਰ ਨਿਵਾਸੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਪਾਵਰਕਾਮ ਦੇ ਅਧਿਕਾਰੀਆਂ ਵੱਲੋਂ ਆਪਣੇ ਪਿੰਡ ਵਿਚ ਛਾਪੇਮਾਰੀ ਕੀਤੀ ਜਾ ਰਹੀ ਹੈ । ਇਸ ਦੀ ਸੂਚਨਾ ਸੁਣਦੇ ਹੀ ਪਿੰਡ ਦੇ ਲੋਕਾਂ ਵੱਲੋਂ ਵੱਡੀ ਗਿਣਤੀ ਵਿੱਚ ਪਾਵਰਕਾਮ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਘਿਰਾਓ ਕਰਕੇ ਪਿੰਡ ਵਿਚ ਵੜਨ ਤੋਂ ਰੋਕ ਦਿੱਤਾ ਗਿਆ । ਚੋਣਵੇਂ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਬਲਵੰਤ ਸਿੰਘ ਰਾਮਨਗਰ ਛੰਨਾਂ , ਕਰਨੈਲ ਸਿੰਘ ਖੇੜੀ , ਸ਼ਮਸ਼ੇਰ ਸਿੰਘ ਈਸਾਪੁਰ ਪ੍ਰਧਾਨ ਕਿਸਾਨ ਯੂਨੀਅਨ ਡਕੌਂਦਾ ਨੇ ਦੱਸਿਆ ਕਿ ਅਸੀਂ ਪਿੰਡ ਰਾਮਨਗਰ ਛੰਨਾ ਵਿੱਚ ਬਿਜਲੀ ਸਪਲਾਈ ਦੇ ਮਾੜੇ ਪ੍ਰਬੰਧ ਨੂੰ ਠੀਕ ਕਰਨ ਲਈ ਕੱਲ੍ਹ ਐਕਸੀਅਨ ਸਾਹਿਬ ਨੂੰ ਮਿਲਣ ਲਈ ਧੂਰੀ ਗਏ ਸੀ ਅਤੇ ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਸਾਡੇ ਪਿੰਡ ਵਿਚ ਜੋ ਬਿਜਲੀ ਦੇ ਲੋਡ ਦੀ ਚੈਕਿੰਗ ਅਤੇ ਮਾੜੀਆਂ ਤਾਰਾਂ , ਲੰਮੇ ਸਮੇਂ ਤੋਂ ਬੰਦ ਪਏ ਟਰਾਂਸਫਾਰਮ ਬਦਲਣ ਲਈ ਜਾਣਕਾਰੀ ਦਿੱਤੀ ਸੀ ਪਰ ਉਸ ਨੂੰ ਠੀਕ ਕਰਨ ਦੀ ਬਜਾਏ ਸਾਡੇ ਪਿੰਡ ਵਿਚ ਉਨ੍ਹਾਂ ਨੇ ਛਾਪਾਮਾਰੀ ਸ਼ੁਰੂ ਕਰ ਦਿੱਤੀ ਸੀ । ਉਨ੍ਹਾਂ ਕਿਹਾ ਕਿ ਅਸੀਂ ਪਾਵਰਕਾਮ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦਾ ਸਤਿਕਾਰ ਕਰਦੇ ਹਾਂ ਪਰ ਅਸੀਂ ਇਹ ਮੰਗ ਕਰਦੇ ਹਾਂ ਕਿ ਪਹਿਲਾਂ ਬਿਜਲੀ ਦੀ ਸਪਲਾਈ , ਟਰਾਂਸਫਾਰਮਰਾਂ ਦੀ ਬਦਲੀ, ਪਿੰਡ ਵਿੱਚ ਲੋਡ ਦੀ ਚੈਕਿੰਗ ਅਤੇ ਹੋਰ ਬਿਜਲੀ ਦੀਆਂ ਘਾਟਾਂ ਨੂੰ ਪੂਰਾ ਕੀਤਾ ਜਾਵੇ ਉਸ ਤੋਂ ਬਾਅਦ ਸਾਡੇ ਪਿੰਡ ਦੀ ਜਦੋਂ ਵੀ ਅਧਿਕਾਰੀ ਚਾਹੁਣਗੇ ਚੈਕਿੰਗ ਕਰ ਸਕਦੇ ਹਨ । ਪਾਵਰਕਾਮ ਦੇ ਅਧਿਕਾਰੀਆਂ ਦਾ ਘਿਰਾਓ ਕੀਤੇ ਜਾਣ ਦੀ ਖਬਰ ਸੁਣਦੇ ਹੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਜ਼ਿਲ੍ਹਾ ਸੰਗਰੂਰ ਦੇ ਐਸ ਪੀ ਪਲਵਿੰਦਰ ਸਿੰਘ ਚੀਮਾਂ ਤੇ ਡੀਐਸਪੀ ਧੂਰੀ ਪਰਵਿੰਦਰ ਸਿੰਘ ਆਪਣੀ ਟੀਮ ਨਾਲ ਮੌਕੇ ਤੇ ਪਹੁੰਚੇ ਹੋਏ ਸਨ । ਉਕਤ ਅਧਿਕਾਰੀਆਂ ਨੇ ਕਿਸਾਨਾਂ ਨੂੰ ਸਮਝਾ ਕੇ ਕਰਮਚਾਰੀਆਂ ਨੂੰ ਮੁਕਤ ਕਰਵਾ ਦਿੱਤਾ । ਇਸ ਮੌਕੇ ਥਾਣਾ ਸ਼ੇਰਪੁਰ ਦੇ ਮੁਖੀ ਇੰਸਪੈਕਟਰ ਮੈਡਮ ਸੁਖਵਿੰਦਰ ਕੌਰ ਵੀ ਮੌਜੂਦ ਸਨ । ਇਸ ਮੌਕੇ ਤੇ ਕਿਸ਼ਾਨ ਆਗੂ ਨਾਜਰ ਸਿੰਘ ਠੁੱਲੀਵਾਲ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਹੇੜੀਕੇ ਬਲਾਕ ਪ੍ਰਧਾਨ , ਬੂਟਾ ਸਿੰਘ ਮੀਤ ਪ੍ਰਧਾਨ ਗੰਡੇਵਾਲ , ਜਰਨਲ ਸਕੱਤਰ, ਬਲਵਿੰਦਰ ਸਿੰਘ ਕਾਲਾਬੂਲਾ , ਪ੍ਰਧਾਨ ਜ਼ੋਰਾ ਸਿੰਘ ਛੰਨਾ, ਮੇਵਾ ਸਿੰਘ ਠੁੱਲੀਵਾਲ , ਨਿਰਮਲ ਸਿੰਘ ਠੁੱਲੀਵਾਲ ,ਸੰਤ ਸਿੰਘ ਸੀ ਓ ਬੜੀ ਜਸਪਾਲ ਸਿੰਘ, ਜਿੰਦਰ ਸਿੰਘ ਬੜੀ ,ਬਲਾਕ ਖਜ਼ਾਨਚੀ ਦਰਸ਼ਨ ਸਿੰਘ ਕਾਤਰੋਂ ,ਜਰਨਲ ਸਕੱਤਰ ਜਗਤਾਰ ਸਿੰਘ ਕਲੇਰਾਂ ਡਕੋਂਦਾ, ਨਰਿੰਦਰਪਾਲ ਸਿੰਘ ਛੰਨਾਂ ਸੀਨੀਅਰ ਆਗੂ ਕਿਸਾਨ ਯੂਨੀਅਨ, ਸੁਖਵਿੰਦਰ ਪਾਲ ਲੀਲਾ ਛੰਨਾਂ ਆਦਿ ਕਿਸਾਨ ਆਗੂ ਵੱਡੀ ਗਿਣਤੀ ਵਿਚ ਹਾਜ਼ਰ ਸਨ ।

# ਕੈਨੇਡਾ ਤੋਂ ਵੱਡੀ ਖ਼ਬਰ: ਭਾਰਤ ਸਮੇਤ ਹੋਰਨਾਂ ਦੇਸ਼ਾਂ ਦੇ ਕੱਚੇ ਲੋਕ ਛੇਤੀ ਹੋਣਗੇ ਪੱਕੇ



**ਔਟਵਾ/ਲੋਕ ਬਾਣੀ**

ਕੈਨੇਡਾ ‘ਚ ਪੱਕੇ ਹੋਣ ਦੀ ਉਡੀਕ ‘ਚ ਬੈਠੇ ਕੱਚੇ ਵਿਦੇਸ਼ੀ ਕਾਮਿਆਂ ਦੀਆਂ ਆਸਾਂ ਨੂੰ ਜਲਦ ਬੂਰ ਪੈ ਸਕਦਾ ਹੈ।

ਕਿਉਂਕਿ ਇਨ੍ਹਾਂ ਕਾਮਿਆਂ ਦੀ ਪੀ.ਆਰ. ਤੱਕ ਪਹੁੰਚ ਯਕੀਨੀ ਬਣਾਉਣ ਲਈ ਸੰਸਦ ਦੇ ਹੇਠਲੇ ਸਦਨ ਵਿੱਚ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ। ਸਿੱਖ ਐਮਪੀ ਰਣਦੀਪ ਸਰਾਏ ਵੱਲੋਂ ਪੇਸ਼ ਕੀਤੇ ਗਏ ਇਸ ਮਤੇ ‘ਤੇ ਹਾਊਸ ਆਫ਼ ਕਾਮਨਜ਼ ਵਿੱਚ ਸਹਿਮਤੀ ਬਣ ਗਈ ਹੈ।

ਸਰੀ ਸੈਂਟਰ ਤੋਂ ਐਮਪੀ ਰਣਦੀਪ ਸਿੰਘ ਸਰਾਏ ਨੇ ਕੱਚੇ ਵਿਦੇਸ਼ੀ ਕਾਮਿਆਂ ਦੀ ਕੈਨੇਡਾ ਦੀ ਪਰਮਾਨੈਂਟ ਰੈਜ਼ੀਡੈਂਸੀ ਤੱਕ ਪਹੁੰਚ ਯਕੀਨੀ ਬਣਾਉਣ ਸਬੰਧੀ ਪ੍ਰਾਈਵੇਟ ਮੈਂਬਰ ਬਿਲ ‘ਐਮ-44’ ਨਾਂ ਦਾ ਮਤਾ ਪੇਸ਼ ਕੀਤਾ, ਜਿਸ ‘ਤੇ ਹਾਊਸ ਆਫ਼ ਕਾਮਨਜ਼ ਨੇ ਥੋੜੀ ਬਹਿਸ ਮਗਰੋਂ ਸਹਿਮਤੀ ਦੀ ਮੋਹਰ ਲਾ ਦਿੱਤੀ।

# ਸਵਿੱਤਰੀ ਬਾਈ ਫੂਲੇ ਯਾਦਗਾਰੀ ਲਾਇਬਰੇਰੀ ਬਣਾਉਣ ਦੀ ਲਹਿਰ ਤੇਜ ਕਰਨ ਦਾ ਫੈਸਲਾ ਅੰਬੇਡਕਰ ਟਰੱਸਟ ਵੱਲੋਂ ਵਿਧਾਇਕ ਮਾਣੂਕੇ ਦੇ ਯਤਨਾਂ ਦੀ ਸ਼ਲਾਘਾ



**ਜਗਰਾਉਂ/ਅਰਜੁਨ ਸਹਿਜਪਾਲ**

ਡਾ.ਬੀ ਆਰ ਅੰਬੇਡਕਰ ਵੈਲਫੇਅਰ ਟਰੱਸਟ ਜਗਰਾਉਂ ਵੱਲੋਂ ਸਵਿੱਤਰੀ ਬਾਈ ਫੂਲੇ ਯਾਦਗਾਰੀ ਲਾਇਬਰੇਰੀ ਬਣਾਉਣ ਦੀ ਲੰਮੇਂ ਸਮੇਂ ਤੋਂ ਕੀਤੀ ਜਾ ਮੰਗ ਦੀਆਂ ਕੋਸ?ਿਸਾਂ ਨੂੰ ਬੂਰ ਪੈਣਾਂ ਸੁਰੂ ਹੋ ਗਿਆ ਹੈ ।ਅੱਜ ਡਾ.ਬੀ. ਆਰ ਅੰਬੇਡਕਰ ਵੈਲਫੇਅਰ ਟਰੱਸਟ ਜਗਰਾਉਂ ਦੀ ਮੀਟਿੰਗ ਦੌਰਾਨ ਟਰੱਸਟ ਮੈਂਬਰਾਂ ਨੇ ਸਵਿੱਤਰੀ ਬਾਈ ਫੂਲੇ ਯਾਦਗਾਰੀ ਲਾਇਬਰੇਰੀ ਨਿਰਮਾਣ ਲਈ ਲਹਿਰ ਤੇਜ ਕਰਨ ਦਾ ਫੈਸਲਾ ਲਿਆ।ਇਸ ਮੌਕੇ ਟਰੱਸਟ ਨੇ ਹਲਕਾ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਵਲੋਂ ਸਵਿੱਤਰੀ ਬਾਈ ਫੂਲੇ ਯਾਦਗਾਰੀ ਲਾਇਬਰੇਰੀ ਬਣਾਉਣ ਲਈ ਸਰਕਾਰੀ ਪੱਧਰ 'ਤੇ ਕੀਤੇ ਯਤਨਾਂ 'ਤੇ ਤਸੱਲੀ ਪ੍ਰਗਟਾਈ ।ਇਸ ਦੌਰਾਨ ਅਮਰਜੀਤ ਸਿੰਘ ਚੀਮਾਂ , ਰਣਜੀਤ ਸਿੰਘ ਹਠੂਰ ਨੇ ਦੱਸਿਆ ਕਿ ਟਰੱਸਟ ਦੀ ਚਿਰੋਕਣੀ ਰੀਝ ਸੀ ਕਿ ਭਾਰਤ ਦੀ ਪਹਿਲੀ ਅਧਿਆਪਕਾ ਸਵਿੱਤਰੀ ਬਾਈ ਫੂਲੇ ਦੀ ਯਾਦ ਵਿੱਚ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਬਾਬਾ ਸਾਹਿਬ ਜੀ ਦੇ ਪ੍ਰੀਨਿਰਵਾਣ ਦਿਵਸ ਮੌਕੇ ਬੀਬੀ ਸਰਵਜੀਤ ਕੌਰ ਮਾਣੂਕੇ ਵਲੋਂ ਟਰੱਸਟ ਨਾਲ ਵਾਅਦਾ ਕੀਤਾ ਗਿਆ ਸੀ ਕਿ ਉਹ ਆਪਣੇ ਕਾਰਜਕਾਲ ਦੌਰਾਨ ਸਵਿੱਤਰੀ ਬਾਈ ਫੂਲੇ ਯਾਦਗਾਰੀ ਲਾਇਬਰੇਰੀ ਤੇ ਬਾਬਾ ਸਾਹਿਬ ਯਾਦਗਾਰੀ ਚੌਂਕ ਦਾ ਨਿਰਮਾਣ ਕਰਵਾਉਣਗੇ। ਟਰੱਸਟ ਨੇ ਬੀਬੀ ਮਾਣੂੰਕੇ ਵਲੋਂ ਕੀਤੇ ਵਾਅਦੇ ਮੁਤਾਬਕ ਕੀਤੇ ਜਾ ਰਹੇ ਯਤਨਾਂ ਲਈ ਉਚੇਚਾ ਧੰਨਵਾਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜਾਣਕਾਰੀ ਅਨੁਸਾਰ ਬੀਬੀ ਮਾਣੂੰਕੇ ਨੇ ਲਾਇਬ੍ਰੇਰੀ ਬਣਾਉਣ ਲਈ ਰਸਮੀ ਪ੍ਰਕਿਰਿਆ ਦਾ ਅਗਾਜ ਕਰ ਦਿੱਤਾ ਹੈ। ਇਸ ਮੌਕੇ ਟਰੱਸਟ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਬਾਬਾ ਸਾਹਿਬ ਅੰਬੇਡਕਰ ਜੀ ਦੇ ਸਤਿਕਾਰ ਵਜੋਂ ਸਰਕਾਰੀ ਦਫਤਰਾਂ ਵਿੱਚ ਤਸਵੀਰ ਲਗਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਮੈਨੇਜਰ ਜਸਵੰਤ ਸਿੰਘ ,ਲੈਕਚਰਾਰ ਅਮਰਜੀਤ ਸਿੰਘ ਚੀਮਾ,ਰਣਜੀਤ ਸਿੰਘ ਹਠੂਰ, ਸ਼੍ਰੀ ਅਮਰ ਨਾਥ ਜੀ,ਕੁਲਦੀਪ ਸਿੰਘ ਲੋਹਟ ,ਮਾ. ਸਤਨਾਮ ਸਿੰਘ, ਡਾ.ਜਸਵੀਰ ਸਿੰਘ , ਹਰਨੇਕ ਸਿੰਘ ਗੁਰੂ ਤੇ ਸ: ਘੁਮੰਡਾ ਸਿੰਘ ਆਦਿ ਹਾਜਰ ਸਨ।

# ਥਾਣਾ ਮੁਖੀ ਢਿਲਵਾਂ ਨੇ ਪਲੇਠੀ ਮੀਟਿੰਗ ਦੌਰਾਨ ਇਲਾਕੇ 'ਚੋਂ ਮੁਕੰਮਲ ਨਸ਼ਾ ਮੁਕਤੀ ਲਈ ਅਹਿਦ ਦੁਹਰਾਇਆ

**ਕਪੂਰਥਲਾ/ਜੀ ਐਸ:-** ਥਾਣਾ ਮੁਖੀ ਢਿਲਵਾਂ ਇੰਸ: ਸੁਖਦੇਵ ਸਿੰਘ ਵੱਲੋਂ ਅੱਜ ਇਲਾਕੇ ਦੇ ਪੱਤਰਕਾਰਾਂ ਨਾਲ ਮੀਟਿੰਗ ਕੀਤੀ ਗਈ। ਆਪਣੀ ਪਲੇਠੀ ਪ੍ਰੈਸ ਵਾਰਤਾ ਦੌਰਾਨ ਇੰਸ: ਸੁਖਦੇਵ ਸਿੰਘ ਨੇ ਜਿੱਥੇ ਸਮਾਜ ਵਿਰੋਧੀ ਤੇ ਮਾੜੇ ਅਨਸਰਾਂ ਖਿਲਾਫ਼ ਸਮੂਹ ਪੱਤਰਕਾਰ ਭਾਈਚਾਰੇ ਪਾਸੋਂ ਸਹਿਯੋਗ ਦੀ ਮੰਗ ਕੀਤੀ ਉਥੇ ਪੰਜਾਬ ਦੀ ਮਾਨ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ੇ ਦੇ ਮੁਕੰਮਲ ਖਾਤਮੇ ਲਈ ਮਿਲੀਆਂ ਹਦਾਇਤਾਂ ਦੀ ਐਸ ਐਸ ਪੀ ਕਪੂਰਥਲਾ ਰਾਜਬਚਨ ਸਿੰਘ ਸੰਧੂ ਦੀ ਸਰਪ੍ਰਸਤੀ ਹੇਠ ਤੇਜੀ ਨਾਲ ਇੰਨ-ਬਿੰਨ ਪਾਲਣਾ ਲਈ ਆਪਣਾ ਅਹਿਦ ਦੁਹਰਾਇਆ। ਉਨ ਾਂ ਕਿਹਾ ਕਿ ਨਸ਼ਾ ਕਰ ਰਹੇ ਨੌਜਵਾਨਾਂ ਨਾਲ ਰਾਬਤਾ ਕਾਇਮ ਕਰਕੇ ਉਨ ਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਤ ਕੀਤਾ ਜਾਵੇਗਾ ਤੇ ਉਨ ਾਂ ਦਾ ਸਰਕਾਰੀ ਹਦਾਇਤਾਂ ਮੁਤਾਬਕ ਇਲਾਜ ਵੀ ਕਰਵਾਇਆ ਜਾਵੇਗਾ। ਥਾਣਾ ਮੁਖੀ ਨੇ ਕਿਹਾ ਕਿ ਮੁਕੰਮਲ ਨਸ਼ਾਮੁਕਤੀ ਲਈ ਨਸ਼ਾ ਤਸਕਰਾਂ 'ਤੇ ਅਤੇ ਜੋ ਕੁਝ ਮੈਡੀਕਲ ਸਟੋਰਾਂ ਵਾਲੇ ਮੈਡੀਕਲ ਨਸ਼ਾ ਵੇਚਦੇ ਹਨ 'ਤੇ ਸ਼ਿਕੰਜਾ ਪੂਰੀ ਤਰ ਾਂ ਕੱਸਿਆ ਜਾਵੇਗਾ ਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ ਾਂ ਇਸ ਕੰਮ ਲਈ ਕਸਬਾ ਨਿਵਾਸੀਆਂ ਤੋਂ ਵੀ ਸਹਿਯੋਗ ਦੀ ਮੰਗ ਕੀਤੀ। ਪਿਛਲੇ ਕਰੀਬ ਸਵਾ ਸਾਲ 'ਚ ਕਸਬੇ 'ਚ ਹੋਈਆਂ ਬੇਤਾਸ਼ਾ ਚੋਰੀਆਂ ਸਬੰਧੀ ਪੁੱਛੇ ਗਏ ਸਵਾਲ 'ਤੇ ਉਨ ਾਂ ਕਿਹਾ ਕਿ ਜਲਦ ਹੀ ਇਨ ਾਂ ਚੋਰੀਆਂ ਨੂੰ ਟਰੇਸ ਕਰਕੇ ਮੁਲਜ਼ਮਾਂ ਨੂੰ ਕਾਬੂ ਕੀਤਾ ਜਾਵੇਗਾ ਤੇ ਚੋਰ ਗਰੋਹਾਂ 'ਤੇ ਪੂਰੀ ਤਰ ਾਂ ਨੱਥ ਪਾਈ ਜਾਵੇਗੀ। ਇਸ ਮੌਕੇ ਰਵਿੰਦਰ ਸਿੰਘ ਏ.ਐਸ.ਆਈ.,ਏ.ਐਸ.ਆਈ. ਭਗੰਵਤ ਸਿੰਘ,ਮੇਜਰ ਸਿੰਘ ਅਤੇ ਇਲਾਕੇ ਦੇ ਸਮੂਹ ਪੱਤਰਕਾਰ ਮੌਜੂਦ ਸਨ।




# ਆਜਾਦੀ ਦਾ ਮਹਾਂ ਉਤਸਵ ਤਹਿਤ ਬੇਰੁਜਗਾਰ ਬੱਚਿਆਂ ਦੀ ਕੈਰੀਅਰ ਗਾਈਡੈਂਸ ਅਤੇ ਕੈਰੀਅਰ ਕਾਉਸਲਿੰਗ ਸਬੰਧੀ ਸਮਾਗਮ




**ਗੁਰਦਾਸਪੁਰ-ਨਵਨੀਤ ਕੁਮਾਰ**

ਜਿਲ੍ਹਾ ਰੋਜਗਾਰ ਉੱਤਪਤੀ ਹੁਨਰ, ਵਿਕਾਸ ਤੇ ਸਿਖਲਾਈ ਦਫਤਰ ਗੁਰਦਾਸਪੁਰ ਵਿਖੇ ਆਜਾਦੀ ਦਾ ਮਹਾਂਉਤਸਵ ਅਧੀਨ ਬੱਚਿਆ ਨੂੰ ਕੈਰੀਅਰ ਕਾਉਂਸਿਲੰਗ ਅਤੇ ਕੈਰੀਅਰ ਸਬੰਧੀ ਗਾਈਡੈਂਸ ਦਿੱਤੀ ਗਈ । ਐਸ.ਐਸ.ਐਮ ਕਾਲਜ ਦੀਨਾਗਰ ਤੋਂ ਲਗਭਗ 40 ਤੋਂ ਵੱਧ ਬੀ.ਏ ਭਾਗ- ਦੀਆ ਵਿਦਿਆਰਥਣਾਂ ਕੈਰੀਅਰ ਕਾਉਸਲਿੰਗ ਅਤੇ ਕੈਰੀਅਰ ਗਾਈਡੈਂਸ ਲਈ ਡੀ.ਬੀ.ਈ.ਈ ਗੁਰਦਾਸਪੁਰ ਵਿਖੇ ਪਹੁੰਚ ਕੇ ਹਿੱਸਾ ਲਿਆ ।

ਜਿਲ੍ਹਾ ਰੋਜਗਾਰ ਅਫਸਰ ਸ਼੍ਰੀ ਪਰਸ਼ੋਤਮ ਸਿੰਘ ਨੇ ਕਿਹਾ ਕਿ ਅਜੋਕੇ ਚੁਣੋਤੀਆ ਭਰੇ ਦੌਰ ਵਿੱਚ ਹਰ ਵਿਦਿਆਰਥੀ ਨੂੰ ਆਪਣੇ ਲਕਸ਼ ਨੂੰ ਨਿਰਧਾਰਤ ਕਰਦਿਆ ਇੱਕ ਵਧੀਆ ਪਲਾਨ ਤਿਆਰ ਕਰਨਾ ਪਵੇਗਾ ਜੋ ਉਸ ਨੂੰ ਉਸਦੀ ਸਫਲਤਾ ਦੀ ਮੰਜਲ ਤੇ ਪਹੁੰਚਾ ਸਕਦਾ ਹੋਵੇਗਾ। ਵਿਦਿਆਰਥੀ ਆਪਣੀ ਕਾਬਲੀਅਤ ਅਤੇ ਰੁਚੀ ਅਨੁਸਾਰ ਭਵਿੱਖ ਦੇ ਕਿਤਿਆ ਦੀ ਚੋਣ ਕਰਨ । ਜਿਸ ਖੇਤਰ ਵਿੱਚ ਵਿਦਿਆਰਥੀ ਦੀ ਰੁਚੀ ਹੋਵੇਗੀ, ਉਸ ਖੇਤਰ ਵਿੱਚ ਸਫਲਤਾ ਪਾਉਣਾ ਵਿਦਿਆਰਥੀ ਲਈ ਬਹੁਤ ਸੁਖਾਲਾ ਹੋਵੇਗਾ । ਵਿਦਿਆਰਥੀਆ ਨੂੰ ਆਪਣੇ ਆਲੇ ਦੁਆਲੇ ਦੇ ਲੋਕਾਂ ਦੀ ਸੋਚ ਅਨੁਸਾਰ ਆਪਣੇ ਭਵਿੱਖ ਦੇ ਕਿਤਿਆ ਬਾਰੇ ਫੈਸਲਾ ਨਹੀਂ ਲੈਣਾ ਚਾਹੀਦਾ ।

ਪਰਸ਼ੋਤਮ ਸਿੰਘ ਨੇ ਡੀ.ਬੀ.ਈ.ਈ ਗੁਰਦਾਸਪੁਰ ਵਿਖੇ ਆਏ ਬੱਚਿਆ ਨੂੰ ਸਰਕਾਰ ਵਲੋਂ ਸਮੇ ਸਮੇਂ ਤੇ ਵੱਖ-ਵੱਖ ਵਿਭਾਗਾਂ ਵਿੱਚ ਨਿਕਲੀ ਰਹੀਆ ਸਰਕਾਰੀ ਆਸਮੀਆ ਲਈ ਕੰਪੀਟੇਟਿਵ ਪ੍ਰੀਖਿਆਵਾ ਦੀ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ ਅਤੇ ਡੀ.ਬੀ.ਈ.ਈ ਵਿਖੇ ਚੱਲ ਰਹੀਆ ਵੱਖ ਵੱਖ ਸਕੀਮਾਂ ਬਾਰੇ ਜਾਣਕਾਰੀ ਵੀ ਮੁਹਈਆ ਕਰਵਾਈ ।

ਪਰਮਿੰਦਰ ਸਿੰਘ, ਜਿਲ੍ਹਾ ਗਾਈਡੈਂਸ ਅਫਸਰ ਨੇ ਬੱਚਿਆ ਨੂੰ ਕੈਰੀਅਰ ਸਬੰਧੀ ਗਾਈਡੈਂਸ ਦਿੱਤੀ ਅਤੇ ਨਾਲ ਹੀ ਪਰਸਨੈਲੀਟੀ ਡਿਵੈਲਮੈਂਟ ਬਾਰੇ ਜਾਣਕਾਰੀ ਮੁਹੱਈਆ ਕਰਵਾਈ । ਉਹਨਾਂ ਨੇ ਬੱਚਿਆ ਨੂੰ ਕਿਹਾ ਕਿ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵਿੱਚ ਤੁਹਾਡੀ ਰੁਚੀ ਅਨੁਸਾਰ ਕਿਤਿਆ ਬਾਰੇ ਤੁਹਾਨੂੰ ਜਾਣਕਾਰੀ ਮੁਹਈਆ ਕਰਵਾਈ ਜਾਂਦੀ ਹੈ । ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਦਾ ਮੁੱਖ ਮੰਤਵ ਜਿਲ੍ਹਾ ਗੁਰਦਾਸਪੁਰ ਦੇ ਹਰ ਵਿਦਿਆਰਥੀ ਨੂੰ ਉਸ ਦੀ ਰੁਚੀ ਅਨੁਸਾਰ ਕਿਤੇ ਦੀ ਚੋਣ ਕਰਵਾਈ ਜਾ ਸਕੇ ਅਤੇ ਉਸ ਨੂੰ ਉਸਦੀ ਮਨ ਚਾਹੇ ਰੋਜਗਾਰ ਲਈ ਤਿਆਰ ਕੀਤਾ ਜਾ ਸਕੇ ।





# ਪਿੰਡ ਨਾਸਰਕੇ ਅਤੇ ਹਰਦੋਰਵਾਲ ਵਿਖੇ ਕਿਸਾਨ ਜਾਗਰੂਕਤਾ ਕੈਂਪ

**ਗੁਰਦਾਸਪੁਰ-ਨਵਨੀਤ ਕੁਮਾਰ:-** ਪੰਜਾਬ ਸਰਕਾਰ ਅਤੇ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ. ਦਿਲਬਾਗ ਸਿੰਘ ਸੋਹਲ ਬਲਾਕ ਖੇਤੀਬਾੜੀ ਅਫਸਰ ਫਤਿਹਗੜ੍ਹ ਚੂੜੀਆਂ ਦੀ ਅਗਵਾਈ ਵਿੱਚ ਝੋਨੇ ਦੀ ਸਿੱਧੀ ਬਿਜਾਈ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਬਲਾਕ ਦੇ ਪਿੰਡ ਨਾਸਰਕੇ ਅਤੇ ਹਰਦੋਰਵਾਲ ਵਿਖੇ ਕੈਂਪ ਲਗਾਇਆ ਗਿਆ । ਇਸ ਮੌਕੇ ਤੇ ਡਾ. ਅਰਜਿੰਦਰ ਸਿੰਘ ਸੰਧੂ ਖੇਤੀਬਾੜੀ ਵਿਸਥਾਰ ਅਫਸਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਆ ਅਤੇ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ । ਇਸ ਮੌਕੇ ਡਾ. ਗੁਰਪ੍ਰੀਤ ਕੌਰ ਖੇਤੀਬਾੜੀ ਵਿਸਥਾਰ ਅਫਸਰ ਨੇ ਦੱਸਿਆ ਕਿ ਇਸ ਨਾਲ ਪਾਣੀ ਦੀ ਬਹੁਤ ਬਚਤ ਹੋਵੇਗੀ ਅਤੇ ਪੌਦਿਆਂ ਨੂੰ ਬਿਮਾਰੀਆਂ ਬਹੁਤ ਘੱਟ ਲੱਗਦੀਆਂ ਹਨ। ਇਸ ਮੌਕੇ ਹਰਮਨਦੀਪ ਸਿੰਘ ਖੇਤੀਬਾੜੀ ਉਪ-ਨਿਰੀਖਕ ਨੇ ਦੱਸਿਆ ਕਿ ਇਸ ਤਕਨੀਕ ਨਾਲ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਪੰਜਾਬ ਸਰਕਾਰ ਦੇਣ ਜਾ ਰਹੀ ਹੈ। ਇਸ ਮੌਕੇ ਵਿਕਰਮਜੀਤ ਸਿੰਘ ਖੇਤੀਬਾੜੀ ਉਪ -ਨਿਰੀਖਕ ਨੇ ਮਿੱਟੀ ਦੇ ਸੈਂਪਲਾਂ ਲੈਣ ਬਾਰੇ ਦੱਸਿਆ। ਇਸ ਮੌਕੇ ਬਲਾਕ ਦੇ ਕਈ ਕਿਸਾਨ ਹਾਜ਼ਰ ਸਨ ।

# ਪੰਜਾਬ ਸਰਕਾਰ ਨੇ ਨਰਸਿੰਗ ਸਟਾਫ਼ ਨੂੰ ਦਿੱਤਾ ਵੱਡਾ ਤੋਹਫ਼ਾ, ਜਾਣੋ ਕੀ?

**ਪਟਿਆਲਾ/ਇਕਬਾਲ ਸਿੰਘ:** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ.ਵਿਜੇ ਸਿੰਗਲਾ ਨੇ ਕੌਮਾਂਤਰੀ ਨਰਸ ਦਿਵਸ ਮੌਕੇ ਸੂਬੇ ਦੀ ਨਰਸਿੰਗ ਦੀ ਮੰਗ ਨੂੰ ਪੂਰਾ ਕਰਦੇ ਹੋਏ ਨਰਸਿੰਗ ਸਿਸਟਰਜ ਨੂੰ ਨਰਸਿੰਗ ਅਫਸਰ ਵਜੋਂ ਤਾਇਨਾਤ ਕਰਨ ਦਾ ਐਲਾਨ ਕੀਤਾ। ਡਾ: ਵਿਜੇ ਸਿੰਗਲਾ ਅੱਜ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਮੌਕੇ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਪੰਜਾਬ ਨਰਸਿੰਗ ਐਸੋਸੀਏਸਨ ਅਤੇ ਰਾਜਿੰਦਰਾ ਹਸਪਤਾਲ ਦੇ ਨਰਸਿੰਗ ਸਟਾਫ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਾਮਲ ਹੋਏ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਡਾ: ਬਲਬੀਰ ਸਿੰਘ ਤੇ ਚੇਤਨ ਸਿੰਘ ਜੋਧੇਮਾਜਰਾ ਅਤੇ ਪ੍ਰਮੁੱਖ ਸਕੱਤਰ ਹੁਸੈਨ ਲਾਲ ਵੀ ਹਾਜਰ ਸਨ।ਡਾ: ਵਿਜੇ ਸਿੰਗਲਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਨਰਸਿੰਗ ਸਟਾਫ ਵੱਲੋਂ ਮਰੀਜਾਂ ਦੀ ਦੇਖਭਾਲ ਅਤੇ ਕੋਵਿਡ ਮਹਾਂਮਾਰੀ ਦੌਰਾਨ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਸਨਮਾਨ ਕਰਨ ਲਈ ਨਰਸਿੰਗ ਸਿਸਟਰਜ ਨੂੰ ਨਰਸਿੰਗ ਅਫਸਰ ਵਜੋਂ ਨਿਯੁਕਤ ਕਰਨ ਦੀਆਂ ਮੰਗਾਂ ਨੂੰ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਰਸਿੰਗ ਸਟਾਫ ਦੀਆਂ ਸਾਰੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਵੀ ਵਚਨਬੱਧ ਹੈ। ਇਸ ਸਾਲ ਦੇ ਅੰਤਰਰਾਸਟਰੀ ਨਰਸ ਦਿਵਸ ਦੇ ਵਿਸੇ ਦਾ ਜਿ਼ਕਰ ਕਰਦਿਆਂ ਸਿਹਤ ਮੰਤਰੀ ਡਾ: ਵਿਜੇ ਸਿੰਗਲਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਵਿਸਵ ਭਰ ਵਿੱਚ ਸਿਹਤ ਪ੍ਰਣਾਲੀਆਂ ਨੂੰ ਮਜਬੂਤ ਕਰਨ ਲਈ ਨਰਸਿੰਗ ਕਿੱਤੇ ਵਿੱਚ ਸੁਰੱਖਿਆ, ਸਹਿਯੋਗ ਅਤੇ ਨਿਵੇਸ ਦੀ ਲੋੜ 'ਤੇ ਧਿਆਨ ਦੇਣਾ ਚਾਹੀਦਾ ਹੈ। ਸਮੇਂ ਸਿਰ ਤਰੱਕੀਆਂ ਸਮੇਤ ਨਰਸਿੰਗ ਸਟਾਫ ਦੀ ਕੋਈ ਮੰਗ ਦਾ ਕੋਈ ਬਾਕੀ ਨਹੀਂ ਹੋਵੇਗੀ।

ਡਾ: ਵਿਜੇ ਸਿੰਗਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦਾ ਸੰਕਲਪ ਲਿਆ ਹੈ ਅਤੇ ਪਹਿਲੀ ਕੈਬਨਿਟ ਮੀਟਿੰਗ ਵਿੱਚ ਹੀ ਨੌਜਵਾਨਾਂ ਨੂੰ 25,000 ਨੌਕਰੀਆਂ ਦੇਣ ਦਾ ਐਲਾਨ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਐਲਾਨ ਉਬਾਊ ਬਣਦਾ ਜਾ ਰਿਹਾ ਹੈ, ਜਿਸ ਤਹਿਤ ਹਰ ਵਿਭਾਗ ਵਿੱਚ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਕੱਲ੍ਹ 710 ਨਰਸਿੰਗ ਸਟਾਫ ਨੂੰ ਸਿਹਤ ਵਿਭਾਗ ਵਿੱਚ ਨਿਯੁਕਤੀ ਪੱਤਰ ਦਿੱਤੇ ਗਏ ਹਨ। ਇਸ ਮੌਕੇ ਪਰਮਜੀਤ ਕੌਰ ਸੰਧੂ, ਕਨਵੀਨਰ, ਪੰਜਾਬ ਨਰਸਿੰਗ ਐਸੋਸੀਏਸਨ ਅਤੇ ਮਨਜੀਤ ਕੌਰ ਧਾਲੀਵਾਲ, ਨਰਸਿੰਗ ਸੁਪਰਡੈਂਟ, ਰਜਿੰਦਰਾ ਹਸਪਤਾਲ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਅਤੇ ਸਿਹਤ ਮੰਤਰੀ ਅਤੇ ਹੋਰ ਮਹਿਮਾਨਾਂ ਨੂੰ ਸਨਮਾਨਿਤ ਕੀਤਾ।ਇਸ ਤੋਂ ਪਹਿਲਾਂ ਵਿਧਾਇਕ ਡਾ: ਨਰਸਿੰਗ ਅਧਿਕਾਰੀਆਂ ਨੂੰ ਭਾਈ ਘਨੱਈਆ ਜੀ ਦੇ ਅਸਲੀ ਵਾਰਸ ਦੱਸਦਿਆਂ ਬਲਬੀਰ ਸਿੰਘ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਆਪਣੀਆਂ ਮੰਗਾਂ ਦੀ ਪੂਰਤੀ ਲਈ ਪਹਿਲਾਂ ਵਾਂਗ ਸੰਘਰਸ ਨਹੀਂ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਸਿਹਤ ਮੰਤਰੀ ਨੇ ਰਾਜਿੰਦਰ ਹਸਪਤਾਲ ਨੂੰ 25 ਲੱਖ ਰੁਪਏ ਦੀਆਂ ਐਮਰਜੈਂਸੀ ਦਵਾਈਆਂ ਭੇਜੀਆਂ ਹਨ। ਅਜੀਤਪਾਲ ਸਿੰਘ ਨੂੰ ਯੋਗਦਾਨ ਦੇਣ ਦਾ ਪ੍ਰਣ ਕੀਤਾ।

# ਹਨੂੰਮਾਨ ਮੰਦਰ ਵਿਖੇ ਮੂਰਤੀਆਂ ਦੀ ਸਥਾਪਨਾ ਕੀਤੀ ਗਈ



**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਹਨੂੰਮਾਨ ਕਮੇਟੀ ਵੱਲੋਂ ਅੱਜ ਹਨੂੰਮਾਨ ਮੰਦਿਰ ਵਿਖੇ ਪੰਡਤ ਦਿਆ ਰਾਮ ਵੱਲੋਂ ਹਵਨ ਕਰਵਾ ਕੇ ਮੰਦਰ ਵਿਖੇ ਛੇ ਭੋਲੇ ਸ਼ਿਵ ਪਾਰਬਤੀ ਸਾਈਨਾਥ ਵਿਸ਼ਨੂ ਮਾਂ ਦੁਰਗਾ ਪੰਜ ਮੁਖੀ ਹਨੂੰਮਾਨ ਰਾਮਦਰਬਾਰ ਪਰਸ਼ੂਰਾਮ ਇਨ੍ਹਾਂ ਮੂਰਤੀਆਂ ਦੀ ਹਨੂੰਮਾਨ ਮੰਦਰ ਵਿਖੇ ਸਥਾਪਨਾ ਕੀਤੀ ਗਈ ਹਵਨ ਯੱਗ ਵਿਚ ਨਗਰ ਕੌਂਸਲ ਦੇ ਵਾਈਸ ਪ੍ਰਧਾਨ ਗੁਰਮੀਤ ਮੁਖੀਜਾ ਉਚੇਚੇ ਤੌਰ ਤੇ ਪਹੁੰਚੇ ਇਸ ਹਵਨ ਯੱਗ ਵਿਚ ਡਾ ਅਸ਼ੋਕ ਕੁਮਾਰ ਬਲਰਾਜ ਕਲਸੀ ਐਮਸੀ ਕ੍ਰਿਸ਼ਨ ਹਾਂਸ ਐੱਮ ਸੀ ਮੰਗਤ ਰਾਏ ਗੋਇਲ ਪ੍ਰਧਾਨ ਹਨੂੰਮਾਨ ਮੰਦਰ ਕਮੇਟੀ ਅਨੂਪ ਕੁਮਾਰ ਮੋਲੜੀ ਬਬਲੂ ਆਹੂਜਾ ਬਿੱਟੂ ਸ਼ਰਮਾ ਰਿੰਪਾ ਆਦਿ ਨੇ ਹਵਨ ਯੱਗ ਵਿਚ ਹਾਜ਼ਰੀ ਭਰੀ ਇਸ ਮੌਕੇ ਹਨੂੰਮਾਨ ਮੰਦਿਰ ਕਮੇਟੀ ਵੱਲੋਂ ਸੰਗਤਾਂ ਲਈ ਪੂਰੀਆਂ ਛੋਲਿਆਂ ਦੇ ਲੰਗਰ ਲਗਾਏ ਗਏ।

# ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਨੂੰ ਲੈ ਕੇ ਕੇਸ ਦਰਜ ਕਰਨਾ ਨਾਕਾਬਲੇ ਬਰਦਾਸ਼ਤ : ਸੰਤ ਗਿਆਨੀ ਹਰਨਾਮ ਸਿੰਘ ਖਾਲਸਾ



ਮਹਿਤਾ/ ਅੰਮ੍ਰਿਤਸਰ/ਰਾਜਾ ਕੋਟਲੀ:- ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਰਾਜਸਥਾਨ ਦੇ ਗੰਗਾਨਗਰ ਵਿਖੇ ਨਗਰ ਕੀਰਤਨ ਦੌਰਾਨ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਨੂੰ ਲੈ ਕੇ ਸਿੱਖਾਂ 'ਤੇ ਕੇਸ ਦਰਜ ਕਰਨ ਦਾ ਸਖਤ ਨੋਟਿਸ ਲੈਂਦਿਆਂ ਇਸ ਨੂੰ ਤੁਰੰਤ ਖਾਰਜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਸਿੱਖ ਸੰਗਤਾਂ 'ਚ ਫੈਲ ਰਹੇ ਰੋਸ ਬਾਰੇ ਗਲ ਕਰਦਿਆਂ ਕਿਹਾ ਕਿ ਸਰਕਾਰਾਂ ਅਤੇ ਪੁਲੀਸ ਫੋਸ ਨੂੰ ਬਿਨਾ ਕਿਸੇ ਗੱਲੋਂ ਸਿੱਖ ਨੁਮਾਇੰਦਿਆਂ 'ਤੇ ਕੇਸ ਦਰਜ ਕਰਨ ਤੋਂ ਪਹਿਲਾਂ ਮਾਮਲੇ ਦੇ ਤਹਿ ਤਕ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਵਿੱਚ ਸਿੱਖਾਂ ਤੇ ਸਿੱਖ ਸੰਸਥਾਵਾਂ ਉੱਤੇ ਲਗਾਤਾਰ ਨਾਜਾਇਜ ਮਾਮਲੇ ਦਰਜ ਕਰਵਾਏ ਜਾ ਰਹੇ ਹਨ। ਇੱਥੋਂ ਤਕ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੋਰਟ ਵਿੱਚ ਪੇਸ ਹੋਣ ਵਾਸਤੇ ਵੀ ਕਿਹਾ ਜਾਣਾ ਕਿਸੇ ਤਰਾਂ ਵੀ ਬਰਦਾਸਤ ਨਹੀਂ ਕੀਤਾ ਜਾ ਸਕਦਾ। ਦਮਦਮੀ ਟਕਸਾਲ ਮੁਖੀ ਨੇ ਕਿਹਾ ਕਿ ਕੁਝ ਜਿ਼ਲ੍ਹਾ ਗੰਗਾਨਗਰ ਦੇ ਗਿਆਰਾਂ ਜੀ ਦੇ ਵਾਸੀ ਗੁਰਸਾਹਿਬ ਸਿੰਘ ਹੈਪੀ ਨਾਮੀ ਸਰਾਰਤੀ ਸਿੱਖੀ ਸਿਧਾਂਤਾਂ ਦਾ ਘਾਣ ਕਰਨ ਲਈ ਸਰਾਰਤ ਕਰ ਰਹੇ ਹਨ, ਜਿਸ ਪ੍ਰਤੀ ਗੰਗਾਨਗਰ ਪ੍ਰਸਾਸਨ ਨੇ ਧਿਆਨ ਨਾ ਦਿੱਤਾ ਤਾਂ ਰਾਜ ਦੇ ਹਾਲਾਤ ਖਰਾਬ ਹੋ ਸਕਦੇ ਹਨ। ਇਸ ਵਿਅਕਤੀ ਵੱਲੋਂ ਘਰ 'ਚ ਬਣੇ ਪੀਰਖਾਨਾ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪ੍ਰਕਾਸ ਕਰਨ ਵਰਗਾ ਗੁਰ ਮਰਿਆਦਾ ਦੇ ਉਲਟ ਕਾਰਾ ਪਹਿਲਾਂ ਹੀ ਸਾਹਮਣੇ ਆ ਚੁੱਕਿਆ ਹੈ। ਹੁਣ ਉਸ ਦੀ ਅਖੌਤੀ ਸੰਸਥਾ ਵੱਲੋਂ ਇਕ ਨਗਰ ਕੀਰਤਨ ਵਿੱਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦੀ ਲੱਗੀ ਤਸਵੀਰ ਨੂੰ ਲੈ ਕੇ ਸ: ਤੇਜਿੰਦਰਪਾਲ ਸਿੰਘ ਟਿੰਮਾ ਸਮੇਤ ਕਈਆਂ 'ਤੇ ਕੇਸ ਕਰ ਦਿੱਤੇ ਜਾਣ ਨਾਲ ਸਿੱਖ ਭਾਈਚਾਰੇ 'ਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸੰਤ ਜਰਨੈਲ ਸਿੰਘ ਖਾਲਸਾ ਨੂੰ ਆਪਣਾ ਆਦਰਸ ਮੰਨਦੀ ਹੈ। ਜਿਨ੍ਹਾਂ ਖਿ਼ਲਾਫ ਕੋਈ ਵੀ ਕੇਸ ਦਰਜ ਨਾ ਹੋਣ ਬਾਰੇ ਸਬੂਤਾਂ ਸਹਿਤ ਕਈ ਵਾਰ ਖੁਲਾਸਾ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਗੰਭੀਰਤਾ ਨੂੰ ਪ੍ਰਸਾਸਨ ਨੇ ਨਾ ਸਮਝਿਆ ਤਾਂ ਹਾਲਾਤ ਖਰਾਬ ਹੋ ਸਕਦੇ ਹਨ । ਉਨ੍ਹਾਂ ਜੋਰ ਦੇ ਕੇ ਕਿਹਾ ਕਿ ਕਿਸੇ ਵੀ ਘਟਨਾ ਲਈ ਬਿਨਾ ਵਜਾ ਸਿੱਖ ਸਖਸੀਅਤਾਂ ਨੂੰ ਨਿਸਾਨਾ ਬਣਾਉਣਾ, ਸਿੱਖਾਂ ਪ੍ਰਤੀ ਸੱਕ ਅਤੇ ਨਫਰਤ ਦੀ ਭਾਵਨਾ ਨੂੰ ਪੈਦਾ ਕਰਨਾ ਸਿੱਖਾਂ 'ਚ ਅਲਹਿਦਗੀ ਦੀ ਭਾਵਨਾ ਨੂੰ ਹੋਰ ਮਜਬੂਤ ਕਰਨ ਦਾ ਕਾਰਨ ਬਣੇਗਾ। ਕਿਸੇ ਵੀ ਮਾਮਲੇ ਨੂੰ ਫਿ਼ਰਕੂ ਰੰਗਤ ਦੇਣਾ ਦੇਸ ਦੇ ਹਿਤ 'ਚ ਵੀ ਨਹੀਂ ਹੋਵੇਗਾ। ਉਨ੍ਹਾਂ ਰਾਜਸਥਾਨ ਸਰਕਾਰ ਅਤੇ ਪੁਲੀਸ ਪ੍ਰਸਾਸਨ ਨੂੰ ਖੌਫ ਦਾ ਮਾਹੌਲ ਸਿਰਜਣ ਤੋਂ ਗੁਰੇਜ ਕਰਨ ਅਤੇ ਨਫਰਤ ਫੈਲਾਉਣ 'ਚ ਲੱਗੇ ਸਰਾਰਤੀ ਅਨਸਰਾਂ ਖਿ਼ਲਾਫ ਕਾਰਵਾਈ ਕਰਦਿਆਂ ਨੱਥ ਪਾਉਣ ਲਈ ਕਿਹਾ ਹੈ।

# ਵਾਰਦਾਤ ਦੌਰਾਨ ਵਰਤਿਆ ਗਿਆ ਪਿਸਤੌਲ ਅਤੇ ਜ਼ਿੰਦਾ ਕਾਰਤੂਸ ਬਰਾਮਦ

**ਪਟਿਆਲਾ/ਇਕਬਾਲ ਸਿੰਘ**

ਪੰਜਾਬ ਪੁਲਿਸ ਨੇ ਪਿਛਲੇ ਦਿਨੀਂ ਪਟਿਆਲਾ ਵਿਖੇ ਹੋਈ ਹਿੰਸਾ ਦੇ ਮਾਮਲੇ ਵਿੱਚ ਗੋਲੀ ਚਲਾ ਕੇ ਇਕ ਵਿਅਕਤੀ ਨੂੰ ਜਖਮੀ ਕਰਨ ਦੇ ਮਾਮਲੇ ਵਿੱਚ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪਟਿਆਲਾ ਦੇ ਸੀਨੀਅਰ ਕਪਤਾਨ ਪੁਲਿਸ ਸ੍ਰੀ ਦੀਪਕ ਪਾਰੀਕ ਨੇ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਦਿੱਤੀ ਹੈ ਕਿ ਕੈਮਰਿਆਂ ਦੀ ਫੁਟੇਜ ਦੇ ਆਧਾਰ 'ਤੇ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ ਹੁਸਨਪ੍ਰੀਤ ਸਿੰਘ ਉਰਫ ਹੁਸਨ, ਨਿਮੇਸ ਉਰਫ ਨਿਸੂ, ਯਸਦੇਵ ਉਰਫ ਯਾਦਾ ਅਤੇ ਕੁਸਲ ਵਜੋਂ ਹੋਈ ਹੈ।

ਉਨ੍ਹਾਂ ਦੱਸਿਆ ਕਿ 29 ਅਪ੍ਰੈਲ, 2022 ਨੂੰ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ ਕੰਪਲੈਕਸ ਪਟਿਆਲਾ ਵਿੱਚ ਵਾਪਰੀ ਘਟਨਾ ਸਬੰਧੀ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਗਈ ਪੜਤਾਲ ਦੌਰਾਨ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਅਤੇ ਬਾਕੀ ਸਬੂਤਾਂ ਨੂੰ ਵਾਚਦੇ ਹੋਏ ਬਲਵਿੰਦਰ ਸਿੰਘ 'ਤੇ ਗੋਲੀ ਚਲਾਉਣ ਸਬੰਧੀ ਮੁਕੱਦਮਾ ਨੰਬਰ 72 ਮਿਤੀ 29 ਅਪ੍ਰੈਲ, 2022 ਅ/ਧ 307, 323, 506, 148, 149 ਹਿੰ : ਦੰ : 25, 27/ 54/59 ਅਸਲਾ ਐਕਟ ਥਾਣਾ ਕੋਤਵਾਲੀ ਪਟਿਆਲਾ ਵਿਖੇ ਦਰਜ ਕੀਤਾ ਗਿਆ ਸੀ।

ਐਸ.ਐਸ.ਪੀ. ਨੇ ਦੱਸਿਆ ਕਿ ਫੁਟੇਜ ਵਿੱਚ ਪਛਾਣੇ ਗਏ ਚਾਰੋ ਵਿਅਕਤੀਆਂ ਹੁਸਨਪ੍ਰੀਤ ਸਿੰਘ ਉਰਫ ਹੁਸਨ, ਨਿਮੇਸ ਉਰਫ ਨਿਸੂ, ਯਸਦੇਵ ਉਰਫ ਯਾਦਾ ਅਤੇ ਕੁਸਲ ਨੂੰ ਗ੍ਰਿਫਤਾਰ ਕਰਕੇ ਨਿਆਂਇਕ ਹਿਰਾਸਤ ਵਿੱਚ



ਭੇਜਿਆ ਗਿਆ ਹੈ। ਸ੍ਰੀ ਦੀਪਕ ਪਾਰੀਕ ਨੇ ਦੱਸਿਆ ਕਿ ਦੋਸ਼ੀਆਂ ਪਾਸੋਂ ਵਾਰਦਾਤ ਵਿੱਚ ਵਰਤਿਆ ਗਿਆ ਪਿਸਤੌਲ ਸਮੇਤ 1 ਜਿ਼ੰਦਾ ਕਾਰਤੂਸ ਵੀ ਬਰਾਮਦ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਤਫਤੀਸ਼ ਦੌਰਾਨ ਪੁਲਿਸ ਵੱਲੋਂ ਵੱਖ-ਵੱਖ ਥਾਵਾਂ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਵੀ ਸਬੂਤ ਵਜੋਂ ਕਬਜੇ ਵਿੱਚ ਲਿਆ ਗਿਆ ਹੈ। ਸਾਰੇ ਪੁਖਤਾ ਸਬੂਤਾਂ ਦੇ ਅਧਾਰ 'ਤੇ ਦੋਸੀਆਂ ਨੂੰ ਨਾਮਜਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਸੀ ਬਲਵਿੰਦਰ ਸਿੰਘ ਵਿਰੁੱਧ ਮੁਕੱਦਮਾ ਨੰਬਰ 76 ਮਿਤੀ 30.04 2022 ਅ/ਧ 295-ਏ, 153-ਏ, 452, 380, 427, 504, 147, 148, 149 , ਹਿੰ : ਦੰ : 3 ਪ੍ਰੀਵੈਨਸਨ ਆਫ ਡੈਮੇਜ ਟੂ ਪਬਲਿਕ ਪ੍ਰਾਪਰਟੀ ਐਕਟ 1984 ਥਾਣਾ ਕੋਤਵਾਲੀ ਪਟਿਆਲਾ ਵਿਖੇ ਦਰਜ ਕੀਤਾ ਗਿਆ ਹੈ ਜਿਸ ਵਿੱਚ ਬਲਵਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਅਤੇ ਉਹ ਇਲਾਜ ਲਈ ਹਸਪਤਾਲ ਵਿੱਚ ਹੀ ਦਾਖਲ ਹੈ। ਵਿਸ਼ੇਸ਼ ਜਾਂਚ ਟੀਮ ਵੱਲੋਂ ਤਫਤੀਸ ਦੌਰਾਨ ਸਾਹਮਣੇ ਆਏ ਤੱਥਾਂ ਦੇ ਅਧਾਰ 'ਤੇ ਮੁਕੱਦਮਾ ਨੰਬਰ 76 ਵਿੱਚ ਦੋਸੀ ਪ੍ਰਿੰਸਪਾਲ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ। ਜਾਂਚ ਟੀਮ ਵੱਲੋਂ ਮਾਮਲੇ ਦੀ ਨਿਰਪੱਖ ਅਤੇ ਡੂੰਘਾਈ ਨਾਲ ਤਫਤੀਸ ਕੀਤੀ ਜਾ ਰਹੀ ਹੈ।

**ਪਟਿਆਲਾ ਵਿਖੇ ਹੋਈ ਹਿੰਸਾ ਦੇ ਮਾਮਲੇ ਵਿੱਚ ਗੋਲੀ ਚਲਾ ਕੇ ਇਕ ਵਿਅਕਤੀ ਨੂੰ ਜਖਮੀ ਕਰਨ ਦੇ ਮਾਮਲੇ ਵਿੱਚ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ**

# ਗਰਮੀ ਦਾ ਕਹਿਰ ਬਾਜ਼ਾਰਾਂ ਚੋਂ ਰੌਣਕ ਗਾਇਬ ਲੋਕ ਘਰਾਂ ਚ ਬੈਠਣ ਲਈ ਮਜਬੂਰ ਕੰਮਕਾਰ ਠੱਪ




## ਤਾਪਮਾਨ 42 ਡਿਗਰੀ ਤੋਂ ਪਾਰ

## ਗਰਮੀ ਤੋਂ ਬਚਣ ਲਈ ਘਰਾਂ 'ਚ ਰਹਿਣ ਲਈ ਮਜਬੂਰ

**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਗਰਮੀ ਦੀ ਮਾਰ ਲਗਾਤਾਰ ਵਧ ਰਹੀ ਹੈ ਪਾਰਾ 45 ਡਿਗਰੀ ਤੇ ਪਹੁੰਚ ਗਿਆ ਹੈ ਜਿਸ ਕਰਕੇ ਲੋਕ ਗਰਮੀ ਤੋਂ ਬਚਣ ਲਈ ਘਰਾਂ ਚ ਰਹਿਣ ਲਈ ਮਜਬੂਰ ਹਨ ਗਰਮੀ ਤੋਂ ਬਚਣ ਲਈ ਦੋ ਪਹੀਆ ਵਾਹਨ ਚਾਲਕਾਂ ਨੇ ਆਪੋ ਆਪਣੇ ਕੰਮਾਂ ਤੋਂ ਰੋਜ਼ਾਨਾ ਜਾਣ ਲਈ ਆਪਣੇ ਮੂੰਹ ਤੇ ਕੱਪੜਾ ਬੰਨ੍ਹ ਕੇ ਆਪਣੇ ਘਰਾਂ ਚੋਂ ਬਾਹਰ ਨਿਕਲਦੇ ਹਨ ਵਧ ਰਹੀ ਗਰਮੀ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਸਕੂਲਾਂ ਦੇ ਸਮੇਂ ਵਿਚ ਤਬਦੀਲੀ ਕੀਤੀ ਗਈ ਹੈ ਲੋਕਾਂ ਦਾ ਕਹਿਣਾ ਹੈ ਕਿ ਜੇ ਤਾਪਮਾਨ ਹੋਰ ਵਧ ਗਿਆ ਤਾਂ ਲੋਕਾਂ ਨੂੰ ਗਰਮੀ ਝੱਲਣੀ ਹੋਰ ਵੀ ਔਖੀ ਹੋ ਜਾਵੇਗੀ ਮੌਸਮ ਸਾਫ ਹੋਣ ਕਰਕੇ ਬਾਰਸ਼ ਪੈਣ ਦੀ ਵੀ ਕੋਈ ਸੰਭਾਵਨਾ ਨਜਰ ਨਹੀਂ ਆ ਰਹੀ ਜਿਸ ਤੋਂ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲ ਸਕੇ ਨੌਜਵਾਨ ਅਤੇ ਬੱਚੇ ਗਰਮੀ ਤੋਂ ਰਾਹਤ ਪਾਉਣ ਲਈ ਨਹਿਰਾਂ ਚ ਡੁਬਕੀਆਂ ਲਗਾਉਂਦੇ ਹਨ ਗਰਮੀ ਆਪਣੇ ਪੂਰੇ ਰੰਗ ਦਿਖਾ ਰਹੀ ਹੈ ਬੇਤਹਾਸ਼ਾ ਗਰਮੀ ਪੈਣ ਕਰਕੇ ਬਾਜਾਰ ਅੰਦਰ ਰੌਣਕ ਵੀ ਗਾਇਬ ਹੋ ਗਈ ਹੈ ਲੋਕ ਗਰਮੀ ਤੋਂ ਡਰਦੇ ਬਾਜ਼ਾਰਾਂ ਚੋਂ ਖ਼ਰੀਦਦਾਰੀ ਕਰਨ ਲਈ ਸ਼ਾਮ ਚਾਰ ਵਜੇ ਤੋਂ ਬਾਅਦ ਹੀ ਘਰੋਂ ਬਾਹਰ ਨਿਕਲਦੇ ਹਨ ਤਾ ਕੇ ਕਿਤੇ ਗਰਮੀ ਨਾਲ ਲੱਗ ਜਾਵੇ ਲੋਕਾਂ ਦੇ ਘਰਾਂ ਚੋਂ ਬਾਹਰ ਨਾ ਨਿਕਲਣ ਕਰਕੇ ਬਾਜ਼ਾਰਾਂ ਚ ਕਾਰੋਬਾਰ ਤੇ ਵੀ ਅਸਰ ਪਿਆ ਹੈ ਦੁਕਾਨਦਾਰ ਆਪਣੀਆਂ ਦੁਕਾਨਾਂ ਤੇ ਵਿਹਲੇ ਬੈਠੇ ਰਹਿੰਦੇ ਹਨ ਅਤੇ ਬਾਜ਼ਾਰਾਂ ਚ ਸੁੰਨਸਾਨ ਹੋ ਜਾਂਦੀ ਹੈ ਫਿਲਹਾਲ ਮਈ ਜੂਨ ਅਤੇ ਜੁਲਾਈ ਵਿਚ ਤਾਪਮਾਨ ਚ ਲਗਾਤਾਰ ਵਾਧਾ ਹੋਵੇਗਾ ਅਤੇ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ ਇਸ ਬਾਰੇ ਜਦੋਂ ਡਾਕਟਰਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਗਰਮੀ ਦੇ ਬਚਾਓ ਲਈ ਖਾਣ ਪੀਣ ਵਾਲੀਆਂ ਵਸਤਾਂ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਫਾਸਟ ਫੂਡ ਖਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਪਾਣੀ ਲੱਸੀ ਦਹੀਂ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ ਖਾਣਾ ਸ਼ੁੱਧ ਖਾਣਾ ਚਾਹੀਦਾ ਹੈ ਅਤੇ ਆਪਣਾ ਆਲਾ ਦੁਆਲਾ ਸਾਫ ਰੱਖਣਾ ਚਾਹੀਦਾ ਹੈ।

# ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੀ ਅਹਿਮ ਮੀਟਿੰਗ ਨਿਰਮਲ ਕੁਮਾਰ ਨਾਭਾ ਦੀ ਪ੍ਰਧਾਨਗੀ ਹੇਠ ਹੋਈ

**ਪਟਿਆਲਾ/ਇਕਬਾਲ ਸਿੰਘ**

ਬੀਤੇ ਦਿਨ ਟੈਕਨੀਕਲ ਸਰਵਿਸਿਜ ਯੂਨੀਅਨ ਸਰਕਲ ਪਟਿਆਲਾ ਦੀ ਅਹਿਮ ਮੀਟਿੰਗ ਨਿਰਮਲ ਕੁਮਾਰ ਨਾਭਾ ਦੀ ਪ੍ਰਧਾਨਗੀ ਹੇਠ ਕੀਤੀ ਗਈ ਇਸ ਮੀਟਿੰਗ ਵਿਚ ਪੀ ਐਸ ਪੀ ਸੀ ਐਲ ਮੈਨੇਜਮੈਂਟ ਵੱਲੋਂ ਮੁਲਾਜਮਾਂ ਦੀਆਂ ਮੰਗਾਂ ਅਤੇ ਲਗਾਤਾਰ ਵਿਚਾਰ ਨਾ ਕਰਨ ਕਾਰਨ ਗੰਭੀਰਤਾ ਨਾਲ ਵਿਚਾਰ ਚਰਚਾ ਕੀਤੀ ਗਈ ਜਿਵੇਂ ਕਿ ਪੇਅ ਫਿਕਸ ਦਾ ਕੰਮ ਬਹੁਤ ਪੂਰੀ ਚੱਲਣਾ, 1-7-2021 ਤੋਂ ਬਣਦਾ ਏਰੀਅਰ ਜਾਰੀ ਕਰਨਾ, ਬਦਲੀ ਪਾਲਿਸੀ ਦੀ ਮਿਤੀ ਵਿੱਚ ਵਾਧਾ ਕਰਨਾ, ਮੁਲਾਜਮਾਂ ਦੀ ਘਾਟ ਕਾਰਨ ਆਉਣ ਵਾਲੇ ਪੈਡੀ- ਸੀਜਨ ਨੂੰ ਧਿਆਨ ਵਿਚ ਰੱਖਦੇ ਹੋਏ ਨਵੀਂ ਭਰਤੀ ਕੀਤੀ ਜਾਵੇ, ਕੱਚੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇ, ਐਸ. ਐਸ.ਏ. ਅਤੇ ਏ.ਐਲ.ਐਮ. ਦੀ ਭਰਤੀ ਲਈ ਰੱਖੇ ਪੇਪਰ ਨੂੰ ਰੱਦ ਕਰਕੇ ਮੈਰਿਟ ਦੇ ਅਧਾਰ ਤੇ ਭਰਤੀ ਕੀਤੀ ਜਾਵੇ ਲਾਈਨਮੈਟ ਦੀ ਫੀਲਡ ਵਿੱਚ ਅਤੇ ਸਬ-ਸਟੇਸਨ ਗਰਿਡਾਂ ਦੇ ਕੰਮ ਕਰਦੇ ਮੁਲਾਜਮਾਂ ਦੀ ਸਿਕਓਰਿਟੀ ਯਕੀਨੀ ਬਣਾਈ ਜਾਵੇ। ਏ. ਐੱਲ .ਐੱਮ . ਤੋਂ ਸੀ.ਐੱਮ. ਦੀ ਤਰੱਕੀ ਪੈਨਲ ਸਰਕਲ ਪੱਧਰ ਹੋਵੇ। ਮੀਟਿੰਗ ਵਿੱਚ ਪ੍ਰਧਾਨ ਕੁਲਦੀਪ ਸਿੰਘ, ਮਨਜੀਤ ਸਿੰਘ, ਦਵਿੰਦਰ ਸਿੰਘ, ਸੰਗਤ ਸਿੰਘ, ਜਰਨੈਲ ਸਿੰਘ ਸਰਕਲ ਸਕੱਤਰ ਪ੍ਰਮੋਦ ਕੌਸਲ, ਰਣਜੀਤ ਸਿੰਘ ਨੇ ਵਿਚਾਰ ਰੱਖੇ।

# ਡੀ . ਐੱਮ . ਪੰਜਾਬੀ ਫ਼ਿਰੋਜ਼ਪੁਰ, ਸੰਗਰੂਰ ਅਤੇ ਲੁਧਿਆਣਾ ਵੱਲੋਂ 'ਪੰਜਾਬੀ ਸੱਥ' ਦਾ ਕੀਤਾ ਦੌਰਾ

## ਸਮਾਜਿਕ ਸਾਂਝ ਦਾ ਪ੍ਰਤੀਕ ਹੈ ਪੰਜਾਬੀ ਸੱਥ - ਪ੍ਰਿੰ. ਰਾਜਵਿੰਦਰ ਕੌਰ



**ਗੁਰਦਾਸਪੁਰ-ਨਵਨੀਤ ਕੁਮਾਰ**

ਅੱਜ ਡੀ. ਐੱਮ. ਪੰਜਾਬੀ ਫ਼ਿਰੋਜ਼ਪੁਰ ਮੈਡਮ ਸਰਬਜੀਤ ਕੌਰ, ਡੀ. ਐੱਮ. ਪੰਜਾਬੀ ਸੰਗਰੂਰ ਮੈਡਮ ਸ਼ਸ਼ੀ ਬਾਲਾ ਅਤੇ ਡੀ. ਐੱਮ. ਪੰਜਾਬੀ ਲੁਧਿਆਣਾ ਮੈਡਮ ਸੁਪਰਜੀਤ ਕੌਰ ਵੱਲੋਂ ਉਚੇਚੇ ਤੌਰ 'ਤੇ ਚੌਧਰੀ ਜੈ ਮੁਨੀ ਮੈਮੋਰੀਅਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੀਨਾਨਗਰ ਵਿਖੇ ਤਿਆਰ ਕੀਤੀ ਗਈ ਪੰਜਾਬੀ ਸੱਥ ਦਾ ਦੌਰਾ ਕੀਤਾ ਗਿਆ ਇੱਥੇ ਪਹੁੰਚਣ 'ਤੇ ਸਕੂਲ ਪ੍ਰਿੰਸੀਪਲ ਰਾਜਵਿੰਦਰ ਕੌਰ, ਡੀ. ਐੱਮ. ਪੰਜਾਬੀ ਗੁਰਦਾਸਪੁਰ ਸੁਰਿੰਦਰ ਮੋਹਨ, ਜ਼ਿਲ੍ਹਾ ਪੰਜਾਬੀ ਸਭਾ ਗੁਰਦਾਸਪੁਰ ਦੇ ਮੈਡਮ ਸ਼ੈਲਜਾ ਕੁਮਾਰੀ, ਮੈਡਮ ਕਮਲਾ ਦੇਵੀ, ਜ਼ੈਲ ਸਿੰਘ ਅਤੇ ਮੀਡੀਆ ਕੋਆਰਡੀਨੇਟਰ ਪਠਾਨਕੋਟ ਬਲਕਾਰ ਅੱਤਰੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਇਸ ਸਮੇਂ ਪੰਜਾਬੀ ਸੱਥ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਮੈਡਮ ਸਰਬਜੀਤ ਕੌਰ ਨੇ ਕਿਹਾ ਕਿ ਪੰਜਾਬੀ ਸੱਥ ਸਮੂਹ ਵਿਦਿਆਰਥੀਆਂ ਲਈ ਪ੍ਰੇਰਨਾ ਸ੍ਰੋਤ ਹੈ ਅਤੇ ਅਜਿਹੀਆਂ ਸੱਥਾਂ ਦਾ ਸਰਕਾਰੀ ਸਕੂਲਾਂ ਵਿੱਚ ਹੋਣਾ ਪੰਜਾਬੀ ਵਿਰਸੇ ਲਈ ਸ਼ੁੱਭ ਸੰਕੇਤ ਹੈ ਮੈਡਮ ਸ਼ਸ਼ੀ ਬਾਲਾ ਨੇ ਕਿਹਾ ਕਿ ਇਸ ਸੱਥ ਨੂੰ ਬਣਾਉਣ ਅਤੇ ਸਾਂਭਣ ਦਾ ਉਪਰਾਲਾ ਬਹੁਤ ਹੀ ਨੇਕ ਅਤੇ ਸੁਹਿਰਦ ਯਤਨ ਹੈ ਅਤੇ ਅਜਿਹੇ ਸਮੇਂ ਅਜਿਹੀਆਂ ਸੱਥਾਂ ਵਰਦਾਨ ਸਾਬਿਤ ਹੁੰਦੀਆਂ ਹਨ ਜਦੋਂ ਵਿਦਿਆਰਥੀ ਆਪਣੇ ਅਮੀਰ ਪੁਰਾਤਨ ਵਿਰਸੇ ਨਾਲੋਂ ਟੁੱਟ ਕੇ ਪੁਰਾਣੇ ਸ਼ਬਦਾਂ ਅਤੇ ਪੁਰਾਤਨ ਵਸਤਾਂ ਨੂੰ ਭੁੱਲ ਰਹੇ ਹਨ ਮੈਡਮ ਸੁਪਰਜੀਤ ਨੇ ਕਿਹਾ ਕਿ ਸਕੂਲ ਪ੍ਰਿੰਸੀਪਲ ਰਾਜਵਿੰਦਰ ਕੌਰ, ਡੀ. ਐੱਮ. ਪੰਜਾਬੀ ਸੁਰਿੰਦਰ ਮੋਹਨ ਅਤੇ ਜ਼ਿਲ੍ਹਾ ਪੰਜਾਬੀ ਸਭਾ ਗੁਰਦਾਸਪੁਰ ਇਸ ਨਿਵੇਕਲੇ ਉਪਰਾਲੇ ਲਈ ਵਧਾਈ ਦੀ ਪਾਤਰ ਹੈ ਇਸ ਸਮੇਂ ਪ੍ਰਿੰਸੀਪਲ ਰਾਜਵਿੰਦਰ ਕੌਰ, ਜ਼ਿਲ੍ਹਾ ਪੰਜਾਬੀ ਸਭਾ ਗੁਰਦਾਸਪੁਰ ਦੇ ਮੈਡਮ ਸ਼ੈਲਜਾ ਕੁਮਾਰੀ, ਮੈਡਮ ਕਮਲਾ ਦੇਵੀ, ਜ਼ੈਲ ਸਿੰਘ ਅਤੇ ਡੀ. ਐੱਮ. ਪੰਜਾਬੀ ਗੁਰਦਾਸਪੁਰ ਸੁਰਿੰਦਰ ਮੋਹਨ ਵੱਲੋਂ ਡੀ. ਐੱਮ. ਪੰਜਾਬੀ ਫ਼ਿਰੋਜ਼ਪੁਰ ਮੈਡਮ ਸਰਬਜੀਤ ਕੌਰ, ਡੀ. ਐੱਮ. ਪੰਜਾਬੀ ਸੰਗਰੂਰ ਮੈਡਮ ਸ਼ਸ਼ੀ ਬਾਲਾ ਅਤੇ ਡੀ. ਐੱਮ. ਪੰਜਾਬੀ ਲੁਧਿਆਣਾ ਮੈਡਮ ਸੁਪਰਜੀਤ ਕੌਰ ਅਤੇ ਡੀਐੱਮ ਪੰਜਾਬੀ ਪਠਾਨਕੋਟ ਵਿਨੋਦ ਕੁਮਾਰ ਨੂੰ ਜ਼ਿਲ੍ਹਾ ਪੰਜਾਬੀ ਸਭਾ ਗੁਰਦਾਸਪੁਰ ਅਤੇ ਪੰਜਾਬੀ ਸੱਥ ਦੀਨਾਨਗਰ ਵੱਲੋਂ ਯਾਦਗਾਰੀ-ਚਿੰਨ੍ਹ ਭੇਟ ਕੀਤੇ ਗਏ ਪ੍ਰਿੰਸੀਪਲ ਮੈਡਮ ਰਾਜਵਿੰਦਰ ਕੌਰ ਵੱਲੋਂ ਜ਼ਿਲ੍ਹਾ ਪੰਜਾਬੀ ਸਭਾ ਗੁਰਦਾਸਪੁਰ ਦੇ ਮੈਂਬਰ ਜ਼ੈਲ ਸਿੰਘ ਵੱਲੋਂ ਪੰਜਾਬੀ ਸੱਥ ਲਈ ਭੇਟ ਕੀਤੀਆਂ ਲਾਲਟੈਨਾਂ ਲਈ ਧੰਨਵਾਦ ਕਰਦਿਆਂ ਯਾਦਗਾਰੀ-ਚਿੰਨ੍ਹ ਭੇਟ ਕੀਤਾ ਪ੍ਰਿੰਸੀਪਲ ਰਾਜਵਿੰਦਰ ਕੌਰ ਵੱਲੋਂ ਡੀ. ਐੱਮਜ ਸਾਹਿਬਾਨਾਂ ਵੱਲੋਂ ਪੰਜਾਬੀ ਸੱਥ ਨੂੰ ਭੇਟ ਕੀਤੇ ਸਮਾਨ ਲਈ ਵੀ ਤਹਿ ਦਿਲੋਂ ਧੰਨਵਾਦ ਕੀਤਾ ਇਸ ਸਮੇਂ ਪ੍ਰਿੰਸੀਪਲ ਰਾਜਵਿੰਦਰ ਕੌਰ ਅਤੇ ਡੀ. ਐੱਮ. ਪੰਜਾਬੀ ਗੁਰਦਾਸਪੁਰ ਸੁਰਿੰਦਰ ਮੋਹਨ ਨੇ ਡੀ. ਐੱਮ. ਪੰਜਾਬੀ ਸਾਹਿਬਾਨਾਂ ਦਾ ਆਪਣੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਕੀਮਤੀ ਸਮਾਂ ਕੱਢ ਕੇ ਪੰਜਾਬੀ ਸੱਥ ਦੀਨਾਨਗਰ ਆਉਣ ਲਈ ਅਤੇ ਆਪਣੇ ਕੀਮਤੀ ਸੁਝਾਅ ਦੇਣ ਲਈ ਧੰਨਵਾਦ ਕੀਤਾ।

# ਖੁਰਾਕ ਸਪਲਾਈਜ ਵਿਭਾਗ ਵੱਲੋਂ ਘਰੇਲੂ ਗੈਸ ਦੀ ਦੁਰਵਰਤੋਂ ਅਤੇ ਕਾਲਾਬਜਾਰੀ ਨੂੰ ਰੋਕਣ ਲਈ ਛਾਪੇਮਾਰੀ; 25 ਸਿਲੰਡਰ ਜਬਤ





**ਲੁਧਿਆਣਾ/ਸੁਖਚੈਨ ਮਹਿਰਾ**

ਖੁਰਾਕ ਸਪਲਾਈਜ ਵਿਭਾਗ ਵੱਲੋਂ ਘਰੇਲੂ ਗੈਸ ਦੀ ਦੁਰਵਰਤੋਂ ਅਤੇ ਕਾਲਾਬਜਾਰੀ ਨੂੰ ਰੋਕਣ ਲਈ ਕੀਤੀਆਂ ਜਾ ਰਹੀਆਂ ਕਾਰਵਾਈਆਂ ਵਿੱਚ ਹੋਰ ਤੇਜੀ ਲਿਆਉਂਦਿਆਂ ਹੋਇਆਂ ਸਨੀਵਾਰ ਨੂੰ ਸਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਛਾਪੇਮਾਰੀ ਕੀਤੀ , ਜਿਸ ਸੰਬਧੀ ਜਾਣਕਾਰੀ ਦਿੰਦਿਆਂ ਡੀ ਐਫ ਐਸ ਸੀ ਲੁਧਿਆਣਾ ਪੂਰਬੀ ਸ੍ਰੀਮਤੀ ਸ੍ਰੀਮਤੀ ਸ?ਿਫਾਲੀ ਚੋਪੜਾ ਨੇ ਦੱਸਿਆ ਕਿ ਵਿੰਭਾਗ ਵੱਲੋਂ ਖੁਰਾਕ ਸਪਲਾਈ ਅਫਸਰ ਸ੍ਰੀ ਲਖਵੀਰ ਸਿੰਘ ਅਤੇ ਸਹਾਇਕ ਖੁਰਾਕ ਸਪਲਾਈ ਅਫਸਰ ਸ੍ਰੀਮਤੀ ਦਮਨਜੀਤ ਕੌਰ ਦੀ ਅਗਵਾਈ ਵਿੱਚ ਗਠਿਤ ਟੀਮਾਂ ਨੇ ਸਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਛਾਪੇਮਾਰੀ ਕੀਤੀ ਅਤੇ ਕਾਰਵਾਈ ਕਰਦੇ ਹੋਏ 25 ਸਿਲੰਡਰ ਜਬਤ ਕੀਤੇ ਗਏ ਅਤੇ ਖਬਰ ਲਿਖੇ ਜਾਣ ਤੱਕ ਕਾਰਵਾਈ ਜਾਰੀ ਸੀ।ਇਸ ਮੌਕੇ ਉਹਨਾਂ ਵੱਲੋਂ ਇਹ ਜਾਣਕਾਰੀ ਦਿੱਤੀ ਗਈ ਕਿ ਭਵਿੱਖ ਵਿੱਚ ਵੀ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ ਅਤੇ ਘਰੇਲੂ ਗੈਸ ਦੀ ਕਾਲਾਬਜਾਰੀ ਕਰਨ ਵਾਲਿਆਂ ਨੂੰ ਬਖਸ?ਿਆ ਨਹੀਂ ਜਾਵੇਗਾ। ਇਨ੍ਹਾਂ ਟੀਮਾਂ ਵਿੱਚ ਨਿਰੀਖਕ ਸ੍ਰੀ ਅਮਨਦੀਪ ਸਿੰਘ, ਸੁਖਵਿੰਦਰ ਸਿੰਘ, ਮਨਪ੍ਰੀਤ ਸਿੰਘ, ਸ੍ਰੀ ਮਨਿੰਦਰ ਖੁਰਾਣਾ , ਕੁਲਦੀਪ ਸਿੰਘ, ਜਤਿੰਦਰ ਕਪਿਲ, ਪਰਵਿੰਦਰ ਲੱਧੜ , ਦਵਿੰਦਰ ਸਿੰਘ, ਅਰੁਣ ਸਲਾਰੀਆ , ਧੀਰਜ ਕੁਮਾਰ, ਰਾਜਨ ਬੋਹਟ, ਰਾਜੇਸ ਕੁਮਾਰ, ਗੁਰਜੰਟ ਸਿੰਘ, ਪ੍ਰਦੀਪ ਕਪੂਰ ਸਾਰੇ ਨਿਰੀਖਕ ਆਦਿ ਸਾਮਲ ਸਨ।

# ਪੰਜਾਬ ਵਿਧਾਨ ਸਭਾ ਵਿਚ ਲੋਕ ਮੁੱਦਿਆਂ ਨੂੰ ਸਭ ਤੋਂ ਵੱਧ ਪਹਿਲ ਦਿੱਤੀ ਜਾਵੇਗੀ : ਕੁਲਤਾਰ ਸਿੰਘ ਸੰਧਵਾਂ

## • ਕਿਹਾ ! ਇਤਿਹਾਸ ਵਿੱਚ ਪਹਿਲੀ ਵਾਰ ਸਭ ਤੋਂ ਵੱਧ ਲੰਮਾ ਹੋਵੇਗਾ ਬਜਟ ਸੈਸਨ

**ਮੋਗਾ/ਦਵਿੰਦਰ ਸਿੰਘ ਬਿੱਟੂ**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ ਕੁਲਤਾਰ ਸਿੰਘ ਸੰਧਵਾਂ ਨੇ ਵਚਨਬੱਧਤਾ ਪ੍ਰਗਟਾਈ ਹੈ ਕਿ ਵਿਧਾਨ ਸਭਾ ਵਿਚ ਲੋਕਾਂ ਨਾਲ ਮੁੱਦਿਆਂ ਨੂੰ ਸਭ ਤੋਂ ਵੱਧ ਪਹਿਲ ਦਿੱਤੀ ਜਾਂਦੀ ਰਹੇਗੀ। ਉਹ ਅੱਜ ਇਥੇ ਵੱਖ ਵੱਖ ਸਮਾਜਿਕ ਅਤੇ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਸਨ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਵੇਗਾ ਕਿ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਸਭ ਤੋਂ ਲੰਮਾ ਸੈਸਨ ਹੋਵੇਗਾ। ਜਿਸ ਵਿੱਚ ਲੋਕਾਂ ਦੀ ਇੱਛਾ ਮੁਤਾਬਿਕ ਬਜਟ ਤਿਆਰ ਨੂੰ ਪੇਸ ਕੀਤਾ ਜਾਵੇਗਾ। ਪਹਿਲਾਂ ਇਹ ਸੈਸਨ ਇਕ ਦੋ ਦਿਨ ਦਾ ਹੁੰਦਾ ਸੀ ਪਰ ਹੁਣ ਇਹ ਘੱਟੋ ਘੱਟ ਦਸ ਦਿਨ ਦਾ ਹੋਵੇਗਾ। ਉਹਨਾਂ ਕਿਹਾ ਕਿ ਕਿਸੇ ਵੀ ਬਜਟ ਨਾਲ ਲੋਕਾਂ ਦੀ ਆਰਥਿਕਤਾ ਅਤੇ ਜੀਵਨ ਸੈਲੀ ਨੂੰ ਬਹੁਤ ਵੱਡਾ ਫਰਕ ਪੈਂਦਾ ਹੈ। ਬਜਟ ਨਾਲ ਲੋਕਾਂ ਦੀਆਂ ਇਛਾਵਾਂ ਜੁੜੀਆਂ ਹੁੰਦੀਆਂ ਹਨ। ਜਿਹਨਾਂ ਉੱਤੇ ਖੁੱਲ੍ਹ ਕੇ ਚਰਚਾ ਹੋਣੀ ਬਹੁਤ ਜਰੂਰੀ ਹੈ। ਇਸੇ ਕਰਕੇ ਹੀ ਇਸ ਵਾਰ ਪੰਜਾਬ ਸਰਕਾਰ ਨੇ ਲੋਕਾਂ ਦੀ ਇੱਛਾ ਅਨੁਸਾਰ ਬਜਟ ਤਿਆਰ ਕਰਨ ਲਈ ਲੋਕਾਂ ਦੀ ਰਾਏ ਮੰਗੀ ਹੈ।

ਪੰਜਾਬੀ ਭਾਸਾ ਦੇ ਵਿਕਾਸ ਬਾਰੇ ਸ੍ਰ ਸੰਧਵਾਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵਿਚ ਪੰਜਾਬੀ ਭਾਸਾ ਨੂੰ ਹਮੇਸਾਂ ਮਹੱਤਤਾ ਦਿੱਤੀ ਜਾਵੇਗੀ। ਸਾਡੀ ਮਾਂ ਬੋਲੀ ਪੰਜਾਬੀ ਨੂੰ ਰੋਜਗਾਰ ਦੀ ਬੋਲੀ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਕੰਮ ਸੇਵਾ ਹੈ। ਲੋਕਾਂ ਦੇ ਪਿਆਰ ਅਤੇ ਸਹਿਯੋਗ ਸਦਕਾ ਇਹ ਸੇਵਾ ਨਿਰੰਤਰ ਜਾਰੀ ਰਹੇਗੀ।

ਪੰਜਾਬ ਸਰਕਾਰ ਵੱਲੋਂ ਸੂਬੇ ਦਾ ਖਜਾਨਾ ਭਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਚੋਣ ਵਾਅਦੇ ਪੂਰੇ ਕਰਨ ਬਾਰੇ ਪੁੱਛੇ ਜਾਣ ਉੱਤੇ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਿਵੇਂ ਦਿੱਲੀ ਵਿੱਚ ਆਪਣੇ ਵਾਅਦੇ ਪੂਰੇ ਕੀਤੇ ਹਨ ਉਸੇ ਤਰਜ ਉੱਤੇ ਹੀ ਪੰਜਾਬ ਵਾਸੀਆਂ ਨਾਲ ਕੀਤੇ ਚੋਣ ਵਾਅਦੇ ਪੂਰੇ ਕੀਤੇ ਜਾਣਗੇ।

ਰਸੂਖਦਾਰ ਲੋਕਾਂ ਅਤੇ ਜੇਲ੍ਹਾਂ ਵਿੱਚੋਂ ਵੀ ਆਈ ਪੀ ਕਲਚਰ ਖਤਮ ਕਰਨ ਬਾਰੇ ਉਹਨਾਂ ਕਿਹਾ ਕਿ ਸਰਕਾਰ ਦੀ ਨੀਅਤ ਉੱਤੇ ਕੋਈ ਸੱਕ ਨਹੀਂ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਸ੍ਰ ਭਗਵੰਤ ਮਾਨ ਦੀ ਦ੍ਰਿੜਤਾ ਹੈ ਕਿ ਇਹ ਕਲਚਰ ਜਲਦ ਖਤਮ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਹ ਸੂਬੇ ਦੀਆਂ ਜੇਲ੍ਹਾਂ ਵਿੱਚੋਂ ਵੀ.ਆਈ.ਪੀ. ਸੱਭਿਆਚਾਰ ਖਤਮ ਕਰਨ ਦੀ ਦਿਸ਼ਾ ਵਿੱਚ ਵੱਡੀ ਸ਼ੁਰੂਆਤ ਹੈ। ਜੇਲ੍ਹਾਂ ਵਿੱਚੋਂ ਵੀ.ਆਈ.ਪੀ. ਸੱਭਿਆਚਾਰ ਨੂੰ ਜੜ੍ਹੋਂ ਮਿਟਾਉਣ ਲਈ ਪੰਜਾਬ ਸਰਕਾਰ ਨੇ ਸਾਰੇ ਵੀ.ਆਈ.ਪੀ. ਸੈੱਲਾਂ ਨੂੰ ਖਤਮ ਕਰਨ ਅਤੇ ਇਨ੍ਹਾਂ ਨੂੰ ਪ੍ਰਬੰਧਕੀ ਬਲਾਕਾਂ ਵਿੱਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ। ਜਿਹੜੇ ਜੇਲ੍ਹਾਂ ਵਿੱਚ ਬੰਦੀ ਹਨ, ਉਨ੍ਹਾਂ ਨੂੰ ਅਦਾਲਤਾਂ ਨੇ ਕਾਨੂੰਨ ਤੋੜਨ ਬਦਲੇ ਸਜ਼ਾਵਾਂ ਦਿੱਤੀਆਂ ਹਨ ਅਤੇ ਉਹ ਜੇਲ੍ਹਾਂ ਵਿੱਚ ਬੈਠੇ ਹੋਏ ਸਹੂਲਤਾਂ ਦਾ ਆਨੰਦ ਨਹੀਂ ਮਾਣ ਸਕਦੇ। ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਨੂੰ ਹੁਣ ਅਸਲ ਵਿੱਚ ਸੁਧਾਰ ਘਰ ਬਣਾਇਆ ਜਾਵੇਗਾ, ਜਿੱਥੇ ਅਪਰਾਧੀਆਂ ਨੂੰ ਆਪਣੇ ਕੀਤੇ ਗੁਨਾਹਾਂ ਦੀ ਅਸਲ ਮਾਇਨਿਆਂ ਵਿੱਚ ਸਜ਼ਾ ਭੁਗਤਣੀ ਪਵੇਗੀ।

ਇਕ ਧਾਰਮਿਕ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰ ਸੰਧਵਾਂ ਨੇ ਕਿਹਾ ਕਿ ਸਾਨੂੰ ਆਪਣੇ ਅਮੀਰ ਵਿਰਸੇ, ਜੱਸਾ ਸਿੰਘ ਰਾਮਗੜ੍ਹੀਆ ਅਤੇ ਹੋਰ ਸਿੰਘ ਸੂਰਮਿਆਂ ਦੀ ਲਾਸਾਨੀ ਕੁਰਬਾਨੀ ਉੱਤੇ ਮਾਣ ਹੋਣਾ ਚਾਹੀਦਾ ਹੈ।ਇਕ ਸਮਾਜਿਕ ਸਮਾਗਮ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਕਿਸੇ ਵੀ ਸਮਾਜ ਦੇ ਉਥਾਨ ਵਿਚ ਗੈਰ ਸਰਕਾਰੀ ਸੰਸਥਾਵਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਉਹਨਾਂ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਸਮਾਜਿਕ ਜਿੰਮੇਵਾਰੀ ਸਮਝਦਿਆਂ ਆਪਣਾ ਇਹ ਯੋਗਦਾਨ ਜਾਰੀ ਰੱਖਣ। ਇਸ ਦੌਰਾਨ ਉਹਨਾਂ ਨੇ ਪ੍ਰਸਿੱਧ ਵੈਟਰਨ ਪੱਤਰਕਾਰ ਸ੍ਰ ਅਮਰ ਸਿੰਘ ਧੀਮਾਨ ਦੇ ਘਰ ਪਹੁੰਚ ਕੇ ਉਹਨਾਂ ਦੀ ਪਤਨੀ ਅਮਰਜੀਤ ਕੌਰ ਦੇ ਦੇਹਾਂਤ ਉੱਤੇ ਆਪਣਾ ਦੁੱਖ ਪ੍ਰਗਟ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਸ੍ਰ ਮਨਜੀਤ ਸਿੰਘ ਬਿਲਾਸਪੁਰ, ਵਿਧਾਇਕ ਸ੍ਰੀਮਤੀ ਅਮਨਦੀਪ ਕੌਰ ਅਰੋੜਾ, ਵਿਧਾਇਕ ਸ੍ਰ ਦਵਿੰਦਰਜੀਤ ਸਿੰਘ ਲਾਡੀ ਢੋਂਸ, ਵਿਧਾਇਕ ਸ੍ਰੀਮਤੀ ਜੀਵਨਜੋਤ ਕੌਰ, ਵਿਧਾਇਕ ਸ੍ਰੀ ਨਰੇਸ ਕਟਾਰੀਆ, ਡਿਪਟੀ ਕਮਿਸਨਰ ਸ੍ਰ ਕੁਲਵੰਤ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਸ੍ਰ ਗੁਲਨੀਤ ਸਿੰਘ ਖੁਰਾਣਾ, ਸਮਾਜ ਸੇਵੀ ਸ੍ਰੀ ਕ੍ਰਿਸਨ ਸੂਦ, ਸ੍ਰ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਅਤੇ ਹੋਰ ਕਈ ਨਾਮੀ ਸਖਸੀਅਤਾਂ ਵੀ ਹਾਜਰ ਸਨ

# ਗਰੀਬ ਅਤੇ ਛੋਟੇ ਅਬਾਦਕਾਰਾਂ ਨੂੰ ਮਾਲਕੀ ਹੱਕ ਦਿਵਾਉਣ ਲਈ ਕਿਸਾਨ, ਮਜਦੂਰ ਆਗੂਆਂ ਦਾ ਸਾਂਝਾ ਵਫਦ ਪੰਚਾਇਤ ਮੰਤਰੀ ਨੂੰ ਮਿਲਿਆ




**ਸਮਰਾਲਾ/ਭੂਸ਼ਨ ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਅੱਜ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ ਸੀਟੂ ਦੇ ਸੂਬਾ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ, ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਸੂਬਾ ਜਨਰਲ ਸਕੱਤਰ ਸਤਪਾਲ ਜੋਸੀਲਾ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਬਲਾਕ ਪ੍ਰਧਾਨ ਗਿਆਨ ਸਿੰਘ ਮੰਡ ਦੀ ਅਗਵਾਈ ਹੇਠ ਪੰਚਾਇਤ ਮੰਤਰੀ ਸ੍ਰ ਕੁਲਦੀਪ ਸਿੰਘ ਧਾਲੀਵਾਲ ਨੂੰ ਪੰਜਾਬ ਸੈਕਰਟਰੀਏਟ ਵਿਚ ਗਰੀਬ ਅਬਾਦਕਾਰ ਕਿਸਾਨਾਂ ਨੂੰ ਪੰਚਾਇਤੀ ਜਮੀਨ ਜੋ ਕਿ ਸਤਲੁਜ ਦਰਿਆ ਦੇ ਅੰਦਰ ਆਉਂਦੀ ਹੈ ਅਤੇ ਦਰਿਆਈ ਪਾਣੀ ਦੀ ਮਾਰ ਹੇਠ ਹੈ, ਇਨਾਂ ਜਮੀਨਾਂ ਨੂੰ ਕੋਈ ਰਸਤਾ ਵੀ ਨਹੀਂ ਲਗਦਾ ਇਹ ਜਮੀਨ ਗਰੀਬ, ਕਿਸਾਨ ਮਜਦੂਰਾਂ ਨੇ ਜੰਗਲ, ਬੀਆਬਾਨ,ਸਲਵਾੜ,ਕਾਹੀ,ਦੇ ਬੂਝੇ ਪੁੱਟ ਕੇ ਵੱਡੇ ਵੱਡੇ ਘੱਗ ਅਤੇ ਟੋਏ ਭਰਕੇ ਜਮੀਨ ਅਬਾਦ ਕੀਤੀ ਉਨ੍ਹਾਂ ਕਿਸਾਨਾਂ ਨੂੰ ਪੰਜਾਬ ਸਰਕਾਰ ਵਲੋਂ ਵਾਜਿਬ ਰੇਟਾਂ ਤੇ ਜਮੀਨ ਅਲਾਟਮੈਂਟ ਕੀਤੀ ਜਾਵੇ, ਕਿਉਂ ਕਿ ਇਸ ਜਮੀਨ ਤੇ ਗਰੀਬ ਕਿਸਾਨ,ਮਜਦੂਰ,2--2,3--3,ਏਕੜ ਅਬਾਦਕਾਰ ਹੀ ਕਾਸਤ ਕਰਦੇ ਹਨ। ਉਪਰੋਕਤ ਆਗੂਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਡੇ ਵਫਦ ਨੇ ਪੰਚਾਇਤ ਮੰਤਰੀ ਜੀ ਨੂੰ ਜਾਣਕਾਰੀ ਦਿੱਤੀ ਕਿ ਇਨਾ ਗਰੀਬ ਕਿਸਾਨਾਂ ਮਜਦੂਰਾਂ ਨੇ ਹੱਡ ਭੰਨਵੀਂ ਮਿਹਨਤ ਕਰਕੇ ਜਮੀਨਾਂ ਵਾਹੀਯੋਗ ਬਣਾਈਆਂ ਹਨ। ਇਨ੍ਹਾਂ ਜਮੀਨਾਂ ਤੇ ਖੇਤੀ ਕਰਕੇ ਹੀ ਇਹ ਗਰੀਬ ਕਿਸਾਨ, ਮਜਦੂਰ ਆਪਣੇ ਪਰਿਵਾਰ ਅਤੇ ਬੱਚਿਆਂ ਨੂੰ ਪਾਲ ਰਹੇ ਹਨ ਅਤੇ ਪੜਾਈ ਕਰਵਾ ਰਹੇ ਹਨ। ਪੰਚਾਇਤ ਮੰਤਰੀ ਸ੍ਰ ਧਾਲੀਵਾਲ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਅਬਾਦਕਾਰ ਕਿਸਾਨਾਂ ਦਾ ਮਸਲਾ ਹਮਦਰਦੀ ਨਾਲ ਵਿਚਾਰੇਗੀ ਅਤੇ ਇਸ ਮਸਲੇ ਬਾਰੇ ਪਾਲਸੀ ਤੈਅ ਕਰੇਗੀ। ਅਤੇ ਦੁਬਾਰਾ ਮੀਟਿੰਗ ਜਲਦੀ ਹੀ ਕੀਤੀ ਜਾਵੇਗੀ।ਵਫਦ ਵਿੱਚ ਹੋਰਨਾਂ ਤੋਂ ਇਲਾਵਾ ਸਿਕੰਦਰ ਬਖਸ ਮੰਡ ਚੌਂਤਾ,ਭਜਨ ਸਿੰਘ, ਸਾਬਕਾ ਸਰਪੰਚ ਸੋਹਣ ਸਿੰਘ ਢੋਲਣਵਾਲ,, ਨਾਮਧਾਰੀ ਜਸਪਾਲ ਸਿੰਘ ਗਰੇਵਾਲ, ਸ੍ਰੀ ਭੈਣੀ ਸਾਹਿਬ, ਸਾਬਕਾ ਸਰਪੰਚ ਗੁਰਦਿਆਲ ਸਿੰਘ ਝੂੰਗੀਆਂ,ਸੁਲੱਖਣ ਸਿੰਘ, ਅਤੇ ਰਾਣਾ ਵੀ ਮੌਜੂਦ ਸਨ।

# ਸਕੂਲਾਂ ਵਿਚ ਗਰਮੀਆਂ ਦੀਆਂ ਛੁਟੀਆਂ 1 ਤੋ 30 ਜੂਨ ਤੱਕ ਹੋਣਗੀਆਂ: ਮੀਤ ਹੇਅਰ

## 15 ਮਈ ਤੋਂ 31 ਮਈ 2012 ਤੱਕ ਸੂਬੇ ਦੇ ਸਮੂਹ ਸਕੂਲਾਂ ਵਿੱਚ ਆਨਲਾਈਨ ਮੌੜ ਵਿੱਚ ਕਲਾਸਾਂ ਲੱਗਣਗੀਆਂ

**ਪਟਿਆਲਾ/ਇਕਬਾਲ ਸਿੰਘ**



ਵਿਦਿਆਰਥੀਆਂ , ਮਾਪਿਆਂ ਅਤੇ ਅਧਿਆਪਕਾਂ ਵੱਲੋਂ ਸਕੂਲ ਅੰਦਰ ਗਰਮੀਆਂ ਦੀਆਂ ਛੁਟੀਆਂ ਪਿਛਲੇ ਸਾਲਾਂ ਵਾਂਗ ਹੀ ਕਰਨ ਦੀ ਕੀਤੀ ਪੁਰਜੋਰ ਮੰਗ ਦੇ ਚਲਦਿਆਂ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੇ ਦਿਸਾ ਨਿਰਦੇਸਾਂ ਤਹਿਤ ਸਿੱਖਿਆ ਵਿਭਾਗ ਵੱਲੋਂ ਆਪਣੇ ਫੈਸਲੇ ਉਤੇ ਪੁਨਰ ਵਿਚਾਰ ਕਰਦੇ ਹਾਂ 15 ਮਈ 31 ਮਈ 2022 ਤੱਕ ਸੂਬੇ ਦੇ ਸਮੂਹ ਸਰਕਾਰੀ ਸਹਾਇਤਾ ਪ੍ਰਾਪਤ ਤੇ ਪ੍ਰਾਈਵੇਟ ਸਕੂਲਾਂ ਵਿੱਚ ਆਨਲਾਈਨ ਮੌਡ ਵਿੱਚ ਕਲਾਸਾਂ ਲੱਗਣਗੀਆਂ ਜਦੋਂ ਕੇ ਗਰਮੀਆਂ ਦਾ ਛੁਟੀਆਂ ਪਹਿਲਾਂ ਤੋਂ 30 ਜੂਨ ਤੱਕ ਕਰਨ ਦਾ ਫੈਸਲਾ ਕੀਤਾ ਗਿਆ ਹੈ। ਬੀਤੇ ਦਿਨ ਪ੍ਰੈਸ ਬਿਆਨ ਵਿੱਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਕਾਰਨ ਦੋ ਸਾਲ ਸਕੂਲਾਂ ਅੰਦਰ ਆਨਲਾਈਨ ਕਲਾਸਾਂ ਨਾ ਲੱਗਣ ਕਾਰਨ ਹੈ ਪੜ੍ਹਾਈ ਦੇ ਨੁਕਸਾਨ ਕਾਰਨ ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਵਾਰ ਵਾਰ ਮੰਗ ਕੀਤੀ ਜਾ ਰਹੀ ਸੀ ਸਰਕਾਰ ਗਰਮੀਆਂ ਦੀਆਂ ਛੁਟੀਆਂ ਪਹਿਲਾਂ ਵਾਂਗ ਹੀ ਕਰੇ ਅਤੇ ਆਨਲਾਈਨ ਕਲਾਸਾਂ ਤੋਂ ਗੁਰੇਜ ਕਰੇ। 15 ਮਈ ਤੋ 31 ਮਈ 2022 ਤੱਕ ਪ੍ਰਾਇਮਰੀ ਸਕੂਲਾਂ ਦਾ ਸਮਾਂ 7 ਵਜੇ ਤੋਂ 11 ਵਜੇ ਅਤੇ ਮਿਡਲ ਹਾਈ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 7 ਵਜੇ ਤੋਂ 12.30 ਵਜੇ ਤੱਕ ਰਹੇਗਾਂ। ਸ੍ਰੀ ਮੀਤ ਹੇਅਰ ਨੇ ਅੱਗੇ ਦੱਸਿਆ ਕਿ ਉਨ੍ਹਾਂ ਵੱਲੋਂ ਰੋਜਾਨਾਂ ਕੀਤੇ ਜਾ ਰਹੇ ਸਕੂਲੀ ਦੌਰਿਆ ਮੌਕੇ ਵੀ ਅਧਿਆਪਕਾਂ ਵੱਲੋਂ ਫੀਡਬੈਕ ਦਿੱਤੀ ਗਈ ਕਿ 31 ਮਈ ਤੱਕ ਸਕੂਲਾਂ ਵਿੱਚ ਇਸੇ ਤਰ੍ਹਾਂ ਹੀ ਚੱਲਦੀ ਰਹੇਗੀ ਕੇ ਸਾਰੇ ਪਾਸਿਆਂ ਤੋਂ ਕੀਤੀ ਜਾ ਰਹੀ ਮੰਗ ਦੇ ਸਿੱਖਿਆ ਵਿਭਾਗ ਨੇ ਗਰਮੀ ਦੀਆਂ ਛੁੱਟੀਆਂ 30ਜੂਨ ਤੱਕ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਇਹੋਂ ਕੋਸ਼ਿਸ਼ ਹੈ ਲੋਕਾਂ ਦੀ ਰਾਏ ਅਨੁਸਾਰ ਫੈਸਲੇ ਕੀਤੇ ਜਾਣਗੇ।

# ਗੁਰੂ ਨਾਨਕ ਦੇਵ ਹਸਪਤਾਲ ਵਿਚ ਅੱਗ ਲੱਗਣ ਦੇ ਕਾਰਨਾਂ ਦੀ ਹੋਵੇਗੀ ਜਾਂਚ-ਈ ਟੀ ਓ





**ਅੰਮ੍ਰਿਤਸਰ/ਰਾਜਾ ਕੋਟਲੀ**

ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਵਿਚ ਬਿਜਲੀ ਦੇ ਪੁਰਾਣੇ ਟਰਾਂਸਫਾਰਮਰ ਤੋਂ ਲੀਕ ਹੋਏ ਤੇਲ ਕਾਰਨ ਲੱਗੀ ਭਿਆਨਕ ਅੱਗ ਦੀ ਖਬਰ ਸੁਣਦੇ ਹੀ ਬਿਜਲੀ ਤੇ ਲੋਕ ਨਿਰਮਾਣ ਵਿਭਾਗ ਦੇ ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈ ਟੀ ਓ ਮੌਕੇ ਉਤੇ ਪੁੱਜੇ ਅਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਇਸ ਮੌਕੇ ਉਨਾਂ ਜਿੱਥੇ ਅੱਗ ਨਾਲ ਪ੍ਰਭਾਵਿਤ ਹੋਏ ਲੋਕਾਂ ਦਾ ਹਾਲ-ਚਾਲ ਪੁੱਛਿਆ ਤੇ ਅੱਗ ਬੁਝਾਉਣ ਵਿਚ ਲੱਗੇ ਅੱਗ ਬੁਝਾਊ ਦਸਤੇ ਦੀ ਹੌਸਲਾ ਅਫਜਾਈ ਕੀਤੀ, ਉਥੇ ਅੱਗ ਲੱਗਣ ਦੇ ਕਾਰਨਾਂ ਦੀ ਤਹਿ ਤੱਕ ਜਾਣ ਦੀ ਹਦਾਇਤ ਵੀ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਕੀਤੀ। ਦੱਸਣਯੋਗ ਹੈ ਕਿ ਅੱਗ ਨੇ ਭਾਵੇਂ ਗਰਮੀ ਕਾਰਨ ਬਹੁਤ ਛੇਤੀ ਇਮਾਰਤ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਸੀ, ਪਰ ਪ੍ਰਬੰਧਕੀ ਅਮਲੇ ਵੱਲੋਂ ਵਿਖਾਈ ਗਈ ਫੁਰਤੀ ਕਾਰਨ ਸਾਰੇ ਲੋਕਾਂ ਨੂੰ ਸੁਰੱਖਿਅਤ ਇਮਾਰਤ ਵਿਚੋਂ ਕੱਢ ਲਿਆ ਗਿਆ, ਜਿਸ ਕਾਰਨ ਵੱਡਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਘਟਨਾ ਸਥਾਨ ਉਤੇ ਪੁੱਜੇ ਕੈਬਨਿਟ ਮੰਤਰੀ ਸ੍ਰੀ ਈ ਟੀ ਓ ਨੇ ਕਿਹਾ ਕਿ ਇਸ ਘਟਨਾ ਲਈ ਜਿੰਮੇਵਾਰ ਅਧਿਕਾਰੀ ਜਾਂ ਕਰਮਚਾਰੀ ਬਖਸ਼ੇ ਨਹੀਂ ਜਾਣਗੇ। ਉਨਾਂ ਕਿਹਾ ਕਿ ਭਾਵੇਂ ਮੋਟੇ ਤੌਰ ਉਤੇ ਇਹ ਅੱਗ ਬਿਜਲੀ ਦੇ ਪੁਰਾਣੇ ਟਰਾਂਸਫਾਰਮ ਤੋਂ ਲੀਕ ਹੋਏ ਤੇਲ ਨਾਲ ਲੱਗੀ ਪ੍ਰਤੀਤ ਹੁੰਦੀ ਹੈ, ਪਰ ਇਸ ਘਟਨਾ ਦੀ ਜਾਂਚ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਹਸਪਤਾਲ ਜਿੱਥੇ ਹਜ਼ਾਰਾਂ ਲੋਕਾਂ ਦਾ ਰੋਜ਼ਾਨਾ ਇਲਾਜ ਕਰਦਾ ਹੈ, ਉਥੇ ਇਸ ਮੈਡੀਕਲ ਕਾਲਜ ਵਿਚ ਸਾਡੇ ਭਵਿੱਖ ਦੇ ਡਾਕਟਰ ਪੜਾਈ ਕਰ ਰਹੇ ਹਨ। ਸੋ ਕਿਸੇ ਵੀ ਹਾਲਤ ਵਿਚ ਹਸਪਤਾਲ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਨਹੀਂ ਪਾਇਆ ਜਾ ਸਕਦਾ। ਉਨਾਂ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਅੱਗ ਬੁਝਣ ਤੋਂ ਬਾਅਦ ਹਸਪਤਾਲ ਦੀ ਬਿਜਲੀ ਸਪਲਾਈ ਆਮ ਵਾਂਗ ਚਾਲੂ ਕਰਨ ਦੀ ਹਦਾਇਤ ਵੀ ਕੀਤੀ। ਅਧਿਕਾਰੀਆਂ ਨਾਲ ਵਿਚਾਰ-ਚਰਚਾ ਤੋਂ ਬਾਅਦ ਕੈਬਨਿਟ ਮੰਤਰੀ ਨੇ ਕਿਹਾ ਕਿ ਹਸਪਤਾਲ ਦੀ ਬਿਜਲੀ ਲੋੜ ਪੂਰੀ ਕਰਨ ਲਈ ਛੇਤੀ ਹੀ ਇਥੇ 'ਕੰਪੈਕਸ ਸਬ ਸਟੇਸ਼ਨ' ਲਗਾਇਆ ਜਾਵੇ।

# ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜੋਨ ਨਡਾਲਾ ਦੀ ਹੋਈ ਮੀਟਿੰਗ



**ਭੁਲੱਥ/ਧਵਨ**


ਅੱਜ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਨਡਾਲਾ ਵਿਖੇ ਕਿਸਾਨ ਮਜਦੂਰ ਸੰਘਰਸ ਕਮੇਟੀ ਜੋਨ ਨਡਾਲਾ ਦੀ ਅਹਿਮ ਮੀਟਿੰਗ ਜੋਨ ਪ੍ਰਧਾਨ ਨਿਸਾਨ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੋਕੇ ਕਾਫੀ ਗਿਣਤੀ ਵਿੱਚ ਪਿੰਡਾਂ ਦੇ ਕਿਸਾਨ ਇਕੱਤਰ ਹੋਏ ਅਤੇ ਸੂਬਾ ਖਜਾਨਚੀ ਗੁਰਲਾਲ ਸਿੰਘ ਪੰਡੋਰੀ, ਜਿਲ੍ਹਾ ਪ੍ਰਧਾਨ ਸਰਵਨ ਸਿੰਘ ਬਾਊਪੁਰ ਨੇ ਸਾਮੂਲੀਅਤ ਕਰਕੇ ਕਿਸਾਨਾਂ ਦੀ ਮੁਸਕਿਲਾਂ ਸੁਣੀਆਂ ਅਤੇ ਕਿਸਾਨੀ ਤੋ ਇਲਾਵਾ ਸਮਾਜਿਕ, ਵਾਤਾਵਰਨ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ।

ਮੀਟਿੰਗ ਵਿੱਚ ਨਡਾਲਾ ਦੇ ਨੇੜਲੇ ਤੇ ਕਪੂਰਥਲਾ ਹੱਦ ਅੰਦਰ ਆਉਦੇ ਹਮੀਰਾ ਪਿੰਡ ਦੇ ਦੂਸਿਤ ਹੋ ਚੁੱਕੇ ਜਮੀਨ ਹੇਠਲੇ ਪਾਣੀ ਬਾਰੇ ਅਹਿਮ ਚਰਚਾ ਹੋਈ। ਨਿਸਾਨ ਸਿੰਘ ਜੋਨ ਪ੍ਰਧਾਨ ਨੇ ਮੀਟਿੰਗ ਸੰਬੋਧਨ ਕਰਦੇ ਕਿਹਾ ਕਿ ਹਮੀਰਾ ਜੀ.ਟੀ.ਰੋਡ ਤੇ ਮਿੱਲ ਦੇ ਕਾਰਨ ਸਾਡੇ ਇਲਾਕੇ ਦਾ ਜਮੀਨ ਹੇਠਲਾ ਪਾਣੀ ਦੂਸ?ਤ ਹੋ ਗਿਆ ਹੈ, ਜਿਸਦੀ ਜੁੰਮੇਵਾਰ ਹਮੀਰਾ ਮਿੱਲ ਹੈ। ਨਿਸਾਨ ਸਿੰਘ ਨੇ ਹਮੀਰਾ ਵਿੱਚ ਆ ਰਹੇ ਪਾਣੀ ਨੂੰ ਇਕ ਬੋਤਲ ਵਿੱਚ ਭਰ ਕੇ ਆਏ ਕਿਸਾਨਾਂ ਨੂੰ ਦਿਖਾਇਆ, ਬੋਤਲ ਵਿੱਚਲਾ ਪਾਣੀ ਅਲੱਗ ਰੰਗ ਦੇਖ ਕੇ ਇਕੱਤਰ ਹੋਏ ਕਿਸਾਨ ਹੈਰਾਨ ਹੋ ਗਏ। ਨਿਸਾਨ ਸਿੰਘ ਨੇ ਕਿਹਾ ਕਿ ਸਾਡੇ ਇਲਾਕੇ ਚ' ਛਿੜੀ ਭਿਆਨਕ ਕੈਂਸਰ ਤੇ ਹੋਰ ਨਾ-ਮੁਰਾਦ ਬਿਮਾਰੀਆਂ ਹਮੀਰਾ ਮਿੱਲ ਦੀ ਦੇਣ ਹਨ। ਉਨ੍ਹਾਂ ਕਿਹਾ ਕਿ ਬੀਤੀ 6 ਅਪ੍ਰੈਲ ਨੂੰ ਡੀ.ਸੀ. ਦਫਤਰ ਕਪੂਰਥਲਾ ਵਿਖੇ ਦਿੱਤੇ ਗਏ ਧਰਨੇ ਵਿੱਚ ਬਾਕੀ ਮੰਗਾਂ ਦੇ ਨਾਲ ਹਮੀਰਾ ਦਾ ਦੂਸ?ਤ ਪਾਣੀ ਦਾ ਮਸਲਾ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਦਾ ਹੈ। ਜਿਸ ਤਹਿਤ ਜਿਲ੍ਹਾ ਕਮੇਟੀ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਅੱਠ ਦਿਨਾਂ ਵਿੱਚ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਸ ਮੋਕੇ ਸੂਬਾ ਖਜਾਨਚੀ ਗੁਰਲਾਲ ਸਿੰਘ ਪੰਡੋਰੀ ਨੇ ਸੰਬੋਧਨ ਕਰਦੇ ਕਿਹਾ ਕਿ 10 ਜੂਨ ਨੂੰ ਝੋਨੇ ਦੀ ਲਵਾਈ ਚਾਲੂ ਕੀਤੀ ਜਾਵੇਗੀ ਅਤੇ ਝੋਨੇ ਦੀ ਬਿਜਾਈ ਦੋਰਾਨ ਜੇਕਰ ਪ੍ਰਸਾਸਨ ਨੇ ਕਿਸਾਨਾਂ ਨਾਲ ਕੋਈ ਬੇ-ਇਨਸਾਫੀ ਜਾ ਕਿਸਾਨੀ ਵਿਰੋਧੀ ਹੁਕਮ ਦਿੱਤਾ ਤਾਂ ਜੱਥੇਬੰਦੀ ਐਕਸਨ ਲਵੇਗੀ ਅਤੇ ਆਪਣਾ ਸੰਘਰਸ ਕਰੇਗੀ। ਸਰਕਾਰ ਦੀ ਮਾਰੂ ਨੀਤੀਆਂ ਦਾ ਜੋਰਦਾਰ ਵਿਰੋਧ ਕਰਾਂਗੇ।

ਇਸ ਮੋਕੇ ਜਿਲਾ ਪ੍ਰਧਾਨ ਸਰਵਨ ਸਿੰਘ ਬਾਊਪੁਰ ਨੇ ਮੀਟਿੰਗ ਸੰਬੋਧਨ ਕਰਦੇ ਕਿਹਾ ਕਿ ਕਿਸਾਨ ਭਰਾਵੋ ਜੱਥੇਬੰਧਕ ਹੋਣਾ ਲਾਜਮੀ ਹੈ, ਕਿਸਾਨਾਂ ਨੇ ਜੇਕਰ ਆਪਣੇ ਹੱਕ ਲੈਣੇ ਹਨ ਤਾਂ ਜੱਥੇਬੰਦੀ ਦਾ ਹਿੱਸਾ ਬਨਣਾ ਪਵੇਗਾ। ਇਸ ਮੋਕੇ ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਗੁਜਾਰਿਸ ਕੀਤੀ ਕਿ ਕਿਸਾਨਾਂ ਨੂੰ 10 ਘੰਟੇ ਬਿਜਲੀ ਸਪਲਾਈ ਕੀਤੀ ਜਾਵੇ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਬੇ-ਲੋੜੀ ਮੋਟਰਾਂ ਨਾ ਚਲਾਈਏ, ਵਰਤੋ ਅਨੁਸਾਰ ਮੋਟਰਾਂ ਚਲਾਈਆਂ ਜਾਣ ਜਿਸ ਨਾਲ ਪੰਜਾਬ ਦੀ ਬਿਜਲੀ ਤੇ ਪਾਣੀ ਬੱਚਣਗੇ। ਇਸ ਤੋ ਇਲਾਵਾ ਉਨ੍ਹਾਂ ਹਮੀਰਾ ਦੇ ਦੂਸ?ਤ ਪਾਣੀ ਬਾਰੇ ਚਰਚਾ ਕਰਦੇ ਕਿਹਾ ਕਿ ਪਾਣੀ ਨੂੰ ਦੂਸ?ਤ ਹੋਣ ਤੇ ਮਿੱਲ ਖਿਲਾਫ ਸਰਕਾਰ ਜਲਦ ਕਾਰਵਾਈ ਕਰੇ ਅਤੇ ਇਲਾਕੇ ਦੇ ਲੋਕਾਂ ਦੀ ਜਾਨ ਬਚਾਵੇ। ਉਨ੍ਹਾਂ ਕਿਹਾ ਕਿ ਪਾਣੀ ਦੇ ਗੰਭੀਰ ਮਸਲੇ ਲਈ ਮਾਨਯੋਗ ਡੀ.ਸੀ. ਕਪੂਰਥਲਾ ਵੱਲੋਂ ਜੇਕਰ ਜਲਦ ਕੋਈ ਹੱਲ ਨਾ ਕੀਤਾ ਗਿਆ ਤਾਂ ਸੂਬਾ ਕਮੇਟੀ ਨਾਲ ਮਿਲਕੇ ਵੱਡੇ ਪੱਧਰ ਤੇ ਸੰਘਰਸ ਕੀਤਾ ਜਾਵੇਗਾ। ਮੀਟਿੰਗ ਵਿੱਚ ਆਏ ਕਿਸਾਨਾਂ ਨੂੰ ਜੱਥੇਬੰਦੀ ਦੀ ਮੈਂਬਰਸਿਪ ਕਾਰਡ ਦਿੱਤੇ ਗਏ ਅਤੇ ਛਿਮਾਹੀ ਫੰਡ ਇਕੱਠਾ ਕਰਨ ਦੀ ਅਪੀਲ ਕੀਤੀ ਗਈ। ਹੋਰ ਵੀ ਕਿਸਾਨਾਂ ਦੀ ਮੁਸਕਿਲਾ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੋਕੇ ਜਿਲਾ ਸੀ.ਮੀਤ. ਪ੍ਰਧਾਨ ਜਗਮੋਹਨ ਸਿੰਘ ਚੀਮਾਂ, ਜੋਨ ਸੀ. ਪ੍ਰਧਾਨ ਨਿਰਮਲ ਸਿੰਘ, ਬਲਦੇਵ ਸਿੰਘ ਖਜਾਨਚੀ, ਸਕੱਤਰ ਹਰਜੀਤ ਸਿੰਘ, ਬਲਕਾਰ ਸਿੰਘ ਲੱਖਣ ਕੇ ਪੱਡਾ, ਬਲਵਿੰਦਰ ਸਿੰਘ ਬਾਗੜੀਆਂ, ਮਲਕੀਤ ਸਿੰਘ ਟਾਂਡੀ, ਸਰਬਜੀਤ ਸਿੰਘ ਬੱਲ, ਜੋਗਾ ਸਿੰਘ ਮਿਰਜਾਪੁਰ, ਮਹਿੰਦਰ ਸਿੰਘ ਬੱਸੀ, ਸਮਸੇਰ ਸਿੰਘ ਮੰਡ, ਹਰਬੰਸ ਸਿੰਘ ਘੱਗ, ਹਰਬੰਸ ਸਿੰਘ ਦੋਲਤਪੁਰ, ਦਰਸਨ ਸਿੰਘ ਹਮੀਰਾ ਤੇ ਹੋਰ ਕਿਸਾਨ ਹਾਜਰ ਸਨ।

# ਪੰਜਾਬ 'ਚ ਬਿਜਲੀ ਸੰਕਟ ਬਰਕਰਾਰ ! ਲਹਿਰਾ ਮੁਹੱਬਤ ਥਰਮਲ ਪਲਾਂਟ ਦੇ ਦੋ ਯੂਨਿਟ ਹੋਏ ਬੰਦ, ਪਟਿਆਲੇ ਸਮੇਤ ਇਨ੍ਹਾਂ ਜ਼ਿਲ੍ਹਿਆਂ 'ਚ 2-7 ਘੰਟੇ ਦਾ ਕੱਟ।



**ਪਟਿਆਲਾ/ਇਕਬਾਲ ਸਿੰਘ**

ਯੂਨਿਟ ਵੀ ਬੰਦ ਹੀ ਹੈ। ਜਿਸ ਕਰਕੇ ਇਨ੍ਹਾਂ ਥਰਮਲਾਂ ਤੋਂ 930 ਮੈਗਾਵਾਟ ਬਿਜਲੀ ਉਤਪਾਦਨ ਪ੍ਰਭਾਵਿਤ ਹੋ ਰਿਹਾ ਹੈ। ਅੱਤ ਦੀ ਪੈ ਰਹੀ ਗਰਮੀ ਦੌਰਾਨ ਸ਼ਨਿਚਰਵਾਰ ਸਵੇਰੇ ਹੀ ਬਿਜਲੀ ਦੀ ਮੰਗ 10 ਹਜਾਰ ਮੈਗਾਵਾਟ ਨੇੜੇ ਪੁੱਜ ਗਈ ਹੈ ਤੇ ਪਲਾਂਟਾਂ ਤੋਂ ਸਮਰੱਥਾ ਨਾਲੋਂ ਬਿਜਲੀ ਉਤਪਾਦਨ ਘਟਣ ਕਰਕੇ ਮੰਗ ਪੂਰਾ ਕਰਨਾ ਔਖਾ ਹੋਵੇਗਾ। ਦੱਸਣਾ ਬਣਦਾ ਹੈ ਕਿ ਲੁਧਿਆਣਾ, ਬਲਾਚੌਰ, ਅਬੋਹਰ, ਗੜ੍ਹਸ਼ੰਕਰ, ਜੈਤੋ, ਫਰੀਦਕੋਟ, ਫਿਰੋਜਪੁਰ, ਗੁਰੂਹਰਸਹਾਏ, ਬੰਗਾ ਤੇ ਪਟਿਆਲਾ ਦੇ ਇਲਾਕਿਆਂ ਵਿੱਚ ਦੋ ਤੋਂ ਸੱਤ ਘੰਟੇ ਬਿਜਲੀ ਦਾ ਕੱਟ ਲੱਗੇਗਾ। ਪਟਿਆਲਾ ਦੇ ਅਰਬਨ ਅਸਟੇਟ ਸਬ ਡਵੀਜਨ ਅਧੀਨ ਆਉਂਦੇ ਹੀਰਾ ਬਾਗ, ਆਈਟੀਬੀਪੀ, ਰਿਸੀ ਕਲੋਨੀ, ਚੌਰਾ, ਮੇਹਰ ਸਿੰਘ ਕਲੋਨੀ, ਬਲਜੀਤ ਕਲੋਨੀ, ਸਗਨ ਵਿਹਾਰ, ਨੀਲੀਮਾ ਵਿਹਾਰ ਆਦਿ ਇਲਾਕਿਆਂ 'ਚ ਬਿਜਲੀ ਸਪਲਾਈ ਸਵੇਰੇ 10.00 ਵਜੇ ਤੋਂ ਲੈ ਕੇ ਸਾਮ ਦੇ 5:00 ਵਜੇ ਤੱਕ ਬੰਦ ਰਹੇਗੀ।

## ਮੌਸਮ ਵਿਭਾਗ ਦਾ ਅਲਰਟ:-15 ਮਈ ਨੂੰ ਪਵੇਗੀ ਭਾਰੀ ਬਾਰਸ਼

**ਪਟਿਆਲਾ/ਇਕਬਾਲ ਸਿੰਘ:** ਭਾਰਤੀ ਮੌਸਮ ਵਿਭਾਗ (ਆਈਐੱਮਡੀ) ਨੇ ਜਾਰੀ ਇਕ ਬਿਆਨ 'ਚ ਕਿਹਾ ਕਿ, ਗਰਮੀ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਵੱਡੀ ਰਾਹਤ ਦੀ ਖ਼ਬਰ ਹੈ। ਇਸ ਸਾਲ ਦੱਖਣ-ਪੱਛਮ ਮੌਨਸੂਨ ਛੇਤੀ ਆ ਰਿਹਾ ਹੈ ਮੌਸਮ ਵਿਭਾਗ ਮੁਤਾਬਿਕ, ਅੰਡੇਮਾਨ ਨਿਕੋਬਾਰ ਟਾਪੂਆਂ 'ਚ 15 ਮਈ ਨੂੰ ਪਹਿਲੀ ਮੌਸਮੀ ਬਾਰਿਸ਼ ਹੋਣ ਦੀ ਉਮੀਦ ਹੈ।

ਆਮ ਤੌਰ 'ਤੇ ਮੌਨਸੂਨ 19-20 ਮਈ ਤਕ ਅੰਡੇਮਾਨ ਨਿਕੋਬਾਰ ਟਾਪੂਆਂ 'ਚ ਪੁੱਜਦਾ ਹੈ। ਇਸ ਸਾਲ ਸਮੇਂ ਤੋਂ ਚਾਰ ਦਿਨ ਪਹਿਲਾਂ 26 ਮਈ ਨੂੰ ਮੌਨਸੂਨ ਦੇ ਕੇਰਲ ਪੁੱਜਣ ਦੀ ਸੰਭਾਵਨਾ ਹੈ ਮੌਸਮ ਵਿਭਾਗ ਨੇ ਕਿਹਾ ਕਿ ਦੱਖਣੀ-ਪੱਛਮੀ ਮੌਨਸੂਨ ਦੇ 15 ਮਈ ਦੇ ਨੇੜੇ-ਤੇੜੇ ਦੱਖਣ ਅੰਡੇਮਾਨ ਸਾਗਰ ਤੇ ਨੇੜਲੇ ਦੱਖਣ-ਪੂਰਬੀ ਖਾੜੀ 'ਚ ਪੁੱਜਣ ਦੀ ਸੰਭਾਵਨਾ ਹੈ ਮੌਸਮ ਵਿਭਾਗ ਦਾ ਕਹਿਣਾ ਹੈ ਕਿ ਅਗਲੇ ਪੰਜ ਦਿਨ ਅੰਡੇਮਾਨ ਨਿਕੋਬਾਰ ਟਾਪੂਆਂ 'ਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਮੁੱਖ ਮੰਤਰੀ ਪੰਜਾਬ ਦਾ ਕਿਹਾ ਸਿਰ ਮੱਥੇ “ਚਿੱਟਾ” ਵਿਕਦਾ ਸਰ੍ਹੇਆਮ ਉੱਥੇ ਹੀ ਉਥੇ.!



## ਜਿਸ ਇਲਾਕੇ ਵਿਚ ਡਰੱਗ ਚਿੱਟਾ ਵਿਕਿਆ ਉਸ ਇਲਾਕੇ ਦਾ ਐੱਸ.ਐੱਚ.ਓ ਤੇ ਐੱਸ.ਐੱਸ.ਪੀ ਹੋਣਗੇ ਜੁੰਮੇਵਾਰ-ਮੁੱਖ ਮੰਤਰੀ ਪੰਜਾਬ

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਪੰਜਾਬ ਵਿੱਚ ਡਰੱਗ ਨਸ਼ੇ ਨੂੰ ਲੈ ਕੇ ਹਰੇਕ ਸਰਕਾਰਾਂ ਚਿੱਟਾ (ਡਰੱਗ) ਨਸ਼ੇ ਨੂੰ ਖਤਮ ਕਰਨ ਦੇ ਵੱਡੇ ਵੱਡੇ ਵਾਅਦੇ ਕਰਦੇ ਹਨ ਪਰ ਸਰਕਾਰਾਂ ਵੱਲੋਂ ਹਮੇਸਾ ਲਾਰੇ ਹੀ ਮਿਲੇ ਹਨ ਜੋ ਲੋਕ ਅੱਜ ਵੀ ਭੋਗ ਰਹੇ ਹਨ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਾਬਕਾ ਸਰਪੰਚ ਅਤੇ ਸੀਨੀਅਰ ਆਗੂ ਮਾਨ ਦਲ ਗੁਰਮੀਤ ਸਿੰਘ ਖਾਲਸਾ ਮਾਹਮਦਪੁਰ ਨੇ ਕੀਤੇ ਅਤੇ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਇਕ ਬਿਆਨ ਰਾਹੀਂ ਕਿਹਾ ਸੀ ਕਿ (ਡਰੱਗ) ਚਿੱਟੇ ਦਾ ਨਸ਼ਾ ਜਿੱਥੇ ਵਿਕਿਆ ਉਸ ਇਲਾਕੇ ਦੇ ਐੱਸ.ਐੱਚ.ਓ ਅਤੇ ਐੱਸ.ਐੱਸ.ਪੀ ਜ਼ਿੰਮੇਵਾਰ ਹੋਣਗੇ ਪਰ ਇੱਥੇ ਉਹ ਕਹਾਵਤ ਸੱਚ ਨਜ਼ਰ ਹੁੰਦੀ ਦਿਖ ਰਹੀ ਹੈ ਕਿ “ਪੰਚਾਂ ਨੇ ਕਿਹਾ ਸਿਰ ਮੱਥੇ, “ਚਿੱਟਾ“ ਵਿਕਦਾ ਸ਼ਰ੍ਹੇਆਮ ਉੱਥੇ ਹੀ ਉਥੇ“, ਸਰਪੰਚ ਨੇ ਕਿਹਾ ਕਿ ਵੋਟ ਬੈਂਕ ਲਈ ਹੀ ਪਿੰਡਾਂ ਦੇ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਵੋਟਾਂ ਪੁਆ ਲਈਆਂ ਜਾਦੀਆਂ ਹਨ ਪਰ ਨਸ਼ੇ ਨੂੰ ਲੈ ਕੇ ਕੋਈ ਵੀ ਸਰਕਾਰਾ ਚਿੰਤਤ ਨਹੀਂ ਹੁੰਦੀਆਂ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮਾਨ ਸਰਕਾਰ ਤੋਂ ਬਹੁਤ ਸਾਰੀਆਂ ਆਸਾਂ ਸਨ ਪਰ ਅੱਜ ਵੀ ਇਲਾਕਿਆਂ ਵਿਚ ਡਰੱਗ ਚਿੱਟਾ ਉਸੇ ਤਰ੍ਹਾਂ ਸ਼ਰ੍ਹੇਆਮ ਵਿਕ ਰਿਹਾ ਹੈ। ਜਿਸ ਕਾਰਨ ਮਾਨ ਸਰਕਾਰ ਤੋਂ ਲੋਕ ਖਫ਼ਾ ਹੋਣੇ ਸ਼ੁਰੂ ਹੋ ਚੁੱਕੇ ਹਨ। ਸਰਪੰਚ ਖ਼ਾਲਸਾ ਨੇ ਕਿਹਾ ਕਿ ਇੱਥੇ ਇਹ ਸਿੱਧ ਹੋ ਚੁੱਕਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਸਿਰਫ਼ ਅਖ਼ਬਾਰੀ ਬਿਆਨ ਹੀ ਹਨ ਨਾ ਕਿ ਹੁਕਮ ! ਜਿਨ੍ਹਾਂ ਦੀ ਹੁਣ ਤੱਕ ਪਾਲਣਾ ਵੀ ਨਹੀਂ ਕੀਤੀ ਗਈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੂੰ ਇਸ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਮਾਵਾਂ ਦੇ ਪੁੱਤ, ਭੈਣਾਂ ਦੇ ਭਰਾ, ਪਿਉ ਦਾ ਪੁੱਤ, ਭਰਾ ਦਾ ਭਰਾ ਅਤੇ ਦੋਸਤਾਂ ਦਾ ਦੋਸਤ ਨਾ ਦੂਰ ਹੋਵੇ।



# ਗਾਰਡਨ ਕਲੋਨੀ ਸਕੂਲ ਦਾ ਪੰਜਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ ਗੁਰਮੀਤ ਸਿੰਘ ਸੋਢੀ

**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਸਰਕਾਰੀ ਪ੍ਰਾਇਮਰੀ ਸਕੂਲ ਗਾਰਡਨ ਕਲੋਨੀ,ਬਲਾਕ ਧਰਮਕੋਟ-2 ਦਾ ਪੰਜਵੀਂ ਕਲਾਸ ਦਾ ਨਤੀਜਾ ਬਹੁਤ ਵਧੀਆ ਰਿਹਾ । ਸਕੂਲ ਮੁੱਖੀ ਸ.ਗੁਰਮੀਤ ਸਿੰਘ ਸੋਢੀ ਨੇ ਖੁਸ਼ੀ ਪ੍ਰਗਟ ਕਰਦਿਆਂ ਹੋਇਆਂ ਦੱਸਿਆ ਕਿ ਬਲਾਕ ਧਰਮਕੋਟ -2 ਦੇ ਜੇਕਰ 10 ਬੱਚੇ ਵਧੀਆ ਨੰਬਰਾਂ ਵਾਲੇ ਕੱਢੇ ਜਾਣ ਤਾਂ ਉਸ ਵਿੱਚ ਸਾਡੇ ਸਕੂਲ ਦੇ ਵੀ ਬੱਚੇ ਸ਼ਾਮਿਲ ਹਨ ।ਉਹਨਾਂ ਦੱਸਿਆਂ ਕਿ ਮਨਵੀਰ ਸਿੰਘ ਨੇ 500 ਵਿੱਚੋਂ 490 ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ । ਨਵਨੀਤ ਕੌਰ ਤੇ ਜਸਕਰਨ ਕੌਰ ਨੇ 488 ਅੰਕ ਲੈ ਕੇ ਦੂਸਰਾ ਤੇ ਰਣਦੀਪ ਕੌਰ ਤੇ ਮਨਜੋਤ ਕੌਰ ਨੇ 487 ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ ।ਸਕੂਲ ਦੇ ਹੋਰ ਬੱਚੇ ਜਿਵੇਂ ਯੁਵਰਾਜ ਸਿੰਘ 482 ਅੰਕ ਤੇ ਜਸ਼ਨਪ੍ਰੀਤ ਸਿੰਘ ਨੇ 479 ਅੰਕ ਪ੍ਰਾਪਤ ਕੀਤੇ । ਪੰਜਵੀਂ ਕਲਾਸ ਦੇ ਇੰਚਾਰਜ ਅਧਿਆਪਕ



ਮੈਡਮ ਪਰਮਿੰਦਰ ਕੌਰ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ ਬੱਚਿਆਂ ਨੂੰ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਸਕੂਲ ਮੁੱਖੀ ਨੇ ਦੱਸਿਆ ਕਿ ਬੀ.ਪੀ.ਈ.ਓ.ਮੈਡਮ ਕੰਚਨ ਬਾਲਾ ਜੀ ਧਰਮਕੋਟ -2 ਵੀ ਸਾਰੇ ਅਧਿਆਪਕਾਂ ਲਈ ਪ੍ਰੇਰਨਾ ਸ੍ਰੋਤ ਬਣੇ ਹੋਏ ਹਨ । ਉਹਨਾਂ ਦੀ ਰਹਿਨੁਮਾਈ ਹੇਠ ਅਧਿਆਪਕ ਬੱਚਿਆਂ ਨੂੰ ਮਿਹਨਤ ਕਰਵਾ ਰਹੇ ਹਨ ।

# ਸ੍ਰੀ ਪਰਮਵੀਰ ਸਿੰਘ ਆਈ.ਏ.ਐਸ. ਨੇ ਵਧੀਕ ਡਿਪਟੀ ਕਮਿਸਨਰ (ਵਿਕਾਸ) ਅਤੇ ਸ੍ਰੀ ਗੋਪਾਲ ਸਿੰਘ ਪੀ.ਸੀ.ਐਸ. ਨੇ ਬਰਨਾਲਾ ਵਜੋਂ ਅੱਜ ਆਪਣਾ ਅਹੁਦਾ ਸੰਭਾਲ ਲਿਆ

**ਬਰਨਾਲਾ/ਕਰਨਪ੍ਰੀਤ ਧੰਦਰਾਲ**

ਸ੍ਰੀ ਪਰਮਵੀਰ ਸਿੰਘ ਆਈ.ਏ.ਐਸ. ਨੇ ਵਧੀਕ ਡਿਪਟੀ ਕਮਿਸਨਰ (ਵਿਕਾਸ) ਅਤੇ ਸ੍ਰੀ ਗੋਪਾਲ ਸਿੰਘ ਪੀ.ਸੀ.ਐਸ. ਨੇ ਉਪ-ਮੰਡਲ ਮੈਜਿਸਟ੍ਰੇਟ ਬਰਨਾਲਾ ਵਜੋਂ ਅੱਜ ਆਪਣਾ ਅਹੁਦਾ ਸੰਭਾਲ ਲਿਆ ਹੈ . ਸ੍ਰੀ ਪਰਮਵੀਰ ਸਿੰਘ ਬਰਨਾਲਾ ਵਿਖੇ ਤਾਇਨਾਤੀ ਤੋਂ ਪਹਿਲਾਂ ਵਧੀਕ ਡਾਇਰੈਕਟਰ (ਉਦਯੋਗ) ਵਜੋਂ ਚੰਡੀਗੜ੍ਹ ਵਿਖੇ ਤਾਇਨਾਤ ਸਨ . ਉਹ ਬਠਿੰਡਾ ਵਿਖੇ ਵਧੀਕ ਡਿਪਟੀ ਕਮਿਸਨਰ (ਵਿਕਾਸ) ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ . ਸ੍ਰੀ ਗੋਪਾਲ ਸਿੰਘ ਸੂਚਨਾ ਤੇ ਲੋਕ ਸੰਪਰਕ ਵਿਭਾਗ ਵਿਖੇ ਜੁਆਇੰਟ ਡਾਇਰੈਕਟਰ ਐਡਮਿਨ, ਐਸ.ਡੀ.ਐਮ. ਮਲੋਟ ਸਮੇਤ ਵੱਖ-ਵੱਖ ਅਹੁਦਿਆਂ ‘ਤੇ ਸੇਵਾਵਾਂ ਨਿਭਾਅ ਚੁੱਕੇ ਹਨ।



# ਰਾਸ਼ਟਰੀ ਟੈਕਨਾਲੋਜੀ ਦਿਵਸ ਮਨਾਇਆ ਗਿਆ

**ਰਾਏਕੋਟ/ਗੁਰਭਿੰਦਰ ਗੁਰੀ**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਟਾਹਲੀਆਣਾ ਸਾਹਿਬ ਵਿੱਚ ਪ੍ਰਿੰਸੀਪਲ ਮੈਡਮ ਡਿੰਪਲ ਢਿੱਲੋਂ ਦੀ ਅਗਵਾਈ ਹੇਠ ਰਾਸ਼ਟਰੀ ਟੈਕਨਾਲੋਜੀ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਚਾਰਟ ‘ਤੇ ਆਰਟੀਕਲ ਸਾਂਝੇ ਕੀਤੇ ਗਏ, ਜਿਸ ਵਿਚ ਉਨ੍ਹਾਂ ਦੱਸਿਆ ਕਿ ਰਾਸ਼ਟਰੀ ਟੈਕਨਾਲੋਜੀ ਦਿਵਸ ਭਾਰਤੀ ਇਤਿਹਾਸ ਵਿਚ ਸਭ ਤੋਂ ਖ਼ੁਸ਼ਕਿਸਮਤ ਦਿਨਾਂ ਵਿਚੋਂ ਇਕ ਹੈ। ਇਹ ਦਿਨ ਭਾਰਤ ਦੀ ਤਕਨੀਕੀ ਤਰੱਕੀ ਦੀ ਪ੍ਰਾਪਤੀ ਵਜੋਂ ਮਨਾਇਆ ਜਾਂਦਾ ਹੈ,ਇਸ ਦੌਰਾਨ ਨੌਂਵੀ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀਆਂ ਚਾਰ ਟੀਮਾਂ, ਗਾਮਾ ਟੀਮ, ਅਲਫਾ ਟੀਮ, ਵੀਟਾ ਟੀਮ, ਥੀਟਾ ਟੀਮ ਬਣਾਕੇ ਸਾਇੰਸ ਮੁਕਾਬਲਾ ਕਰਵਾਇਆ ਗਿਆ ਤੇ ਸਾਇੰਸ ਨਾਲ ਸਬੰਧਤ ਸਵਾਲ ਪੁੱਛੇ ਗਏ। ਜਿਸ ਵਿੱਚ ਗਾਮਾ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ, ਅਲਫਾ ਟੀਮ ਨੇ ਦੂਜਾ, ਥੀਟਾ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਮੈਡਮ ਡਿੰਪਲ ਢਿੱਲੋਂ ਨੇ ਕਿਹਾ ਕਿ ਟੈਕਨਾਲੋਜੀ ਸਾਡੇ ਰੋਜ਼ਾਨਾ ਜੀਵਨ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਜਦੋਂ ਅਸੀਂ ਆਰਥਿਕ ਵਿਕਾਸ ਵਿਚ ਇਸ ਦੇ ਯੋਗਦਾਨ ਨੂੰ ਵਿਚਾਰਦੇ ਹਾਂ ਤਾਂ ਰਾਸ਼ਟਰੀ ਤਕਨਾਲੋਜੀ ਦਿਵਸ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ। ਇਹ ਭਾਰਤੀਆਂ ਨੂੰ ਦੇਸ਼ ਦੀ ਤਕਨੀਕੀ ਤਰੱਕੀ ਦੀ ਯਾਦ ਦਿਵਾਉਣ ਦਾ ਦਿਨ ਹੈ। ਤਕਨਾਲੋਜੀ ਸਾਨੂੰ ਸੰਗਠਿਤ, ਜੁੜੇ, ਸਿਹਤਮੰਦ ਅਤੇ ਸੁਰੱਖਿਅਤ ਰਹਿਣ ਵਿਚ ਮਦਦ ਕਰਦੀ ਹੈ। ਉਹਨਾਂ ਕਿਹਾ ਕਿ ਟੈਕਨਾਲੋਜੀ ਦੀ ਮਹਤੱਤਾ ਨੂੰ ਅਸੀਂ ਸਾਰੇ ਲਾਕਡਾਉਨ ਦੇ ਦੌਰਾਨ ਦੇਖ ਚੁੱਕੇ ਹਾਂ ਜਦੋਂਕਿ ਸਾਰੇ ਦੇਸ਼ ਵਿੱਚ ਘਰੋਂ ਬਾਹਰ ਨਿਕਲਣ ਦੀ ਮਨਾਹੀ ਸੀ ਤੇ ਉਸ ਸਮੇਂ ਟੈਕਨਾਲੋਜੀ ਦੇ ਸਹਾਰੇ ਹੀ ਲੋਕ ਆਪਣੇ ਘਰਾਂ ਵਿੱਚ ਬੈਠ ਕੇ ਆਨਲਾਇਨ ਕੰਮ ਕਰ ਸਕੇ ਤੇ ਵਿਦਿਆਰਥੀ ਆਪਣੀ ਪੜ੍ਹਾਈ ਨੂੰ ਆਨਲਾਈਨ ਮਾਧਿਅਮ ਰਾਹੀਂ ਜਾਰੀ ਰੱਖ ਸਕੇ ਸਨ। ਉਨ੍ਹਾਂ ਦੱਸਿਆ ਕਿ ਇਸ ਦਿਨ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਵੱਲੋਂ ਸਮਾਗਮ ਕਰਵਾਏ ਜਾਂਦੇ ਹਨ ਤੇ ਸ਼ਾਨਦਾਰ ਯੋਗਦਾਨ ਪਾਉਣ ਵਾਲਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਹ ਸਮਾਗਮ ਪੂਰੇ ਭਾਰਤ ਵਿਚ ਕਰਵਾਏ ਜਾਂਦੇ ਹਨ ਤਾਂ ਜੋ ਪੂਰਾ ਦੇਸ਼ ਰਾਸ਼ਟਰੀ ਤਕਨਾਲੋਜੀ ਦਿਵਸ ਦੀ ਮਹੱਤਤਾ ਨੂੰ ਪਛਾਣ ਸਕੇ। ਇਸ ਸਮੇਂ ਜੇਤੂ ਟੀਮਾਂ ਨੂੰ ਸਰਟੀਫਿਕੇਟ ਤੇ ਇਨਾਮ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਡਮ ਸਰਬਜੀਤ ਕੌਰ, ਬਲਜਿੰਦਰ ਕੌਰ, ਬਬੀਤਾ ਗਰਗ,ਅਮ੍ਰਿਤ ਸਿੰਘ,ਸਤਵੀਰ ਸਿੰਘ,ਸੁਦਾਗਰ ਸਿੰਘ,ਗੁਰਮੇਲ ਸਿੰਘ ਤੇ ਵਿਦਿਆਰਥੀ ਹਾਜ਼ਰ ਸਨ।



# ਡੇਰਾ ਬਾਬਾ ਬਿਧੀਚੰਦ ਦੇ ਮੁੱਖੀ ਬਾਬਾ ਸੁਖਦੇਵ ਸਿੰਘ ਵੱਲੋ ਗਰੀਬ ਪਰਿਵਾਰਾਂ ਨੂੰ ਆਟੇ ਦੇ ਤੋੜੇ ਵੰਡੇ



**ਅੰਮ੍ਰਿਤਸਰ/ਰਾਜਾ ਕੋਟਲੀ**

ਪੰਜਾਬ ਸਰਕਾਰ ਵੱਲੋ ਗਰੀਬ ਲੋਕਾਂ ਦੀ ਆਰਥਿਕ ਸਹਾਇਤਾ ਲਈ ਚਲਾਈ ਗਈ ਆਟਾ ਦਾਲ ਸਕੀਮ ਤਹਿਤ ਬਣਾਏ ਗਏ ਨੀਲੇ ਕਾਰਡਾਂ ਤੋਂ ਵਾਂਝੇ ਰਹਿ ਗਏ ਲੋੜਵੰਦ ਲੋਕਾਂ ਦੇ ਆਰਥਿਕ ਹਲਾਤਾਂ ਨੂੰ ਮੁੱਖ ਰੱਖਦੇ ਹੋਏ ਡੇਰਾ ਬਾਬਾ ਬਿਧੀਚੰਦ ਦੇ ਮੁੱਖੀ ਸੰਤ ਬਾਬਾ ਸੁਖਦੇਵ ਸਿੰਘ ਤਲਵੰਡੀ ਵਾਲਿਆਂ ਅਤੇ ਮੌਜੂਦਾ ਨੰਬਰਦਾਰ ਵੱਲੋ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਤਲਵੰਡੀ ਖੁੰਮਣ ਦੇ ਲੋੜਵੰਦ ਲੋਕਾਂ ਨੂੰ ਆਟੇ ਦੇ ਤੋੜੇ ਵੰਡੇ ਗਏ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਿਹਨਾਂ ਲੋਕਾਂ ਨੂੰ ਸਰਕਾਰ ਵੱਲੋ ਆਟਾ ਦਾਲ ਸਕੀਮ ਦਾ ਲਾਭ ਨਹੀਂ ਮਿਲ ਰਿਹਾ ਉਨ੍ਹਾਂ ਲੋੜਵੰਦ ਲੋਕਾਂ ਦੀ ਸਾਡੀ ਸੰਸਥਾ ਵੱਲੋ ਸੰਗਤ ਦੇ ਸਹਿਯੋਗ ਨਾਲ ਹਰ ਮਹੀਨੇ ਆਰਥਿਕ ਸਹਾਇਤਾ ਕੀਤੀ ਜਾਇਆ ਕਰੇਗੀ।ਸੰਤ ਬਾਬਾ ਸੁਖਦੇਵ ਸਿੰਘ ਤਲਵੰਡੀ ਵਾਲਿਆਂ ਨੇ ਇਸ ਲੋਕ ਭਲਾਈ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਸਮੂੰਹ ਸੰਗਤਾਂ ਨੂੰ ਉਨ੍ਹਾਂ ਦੀ ਸੰਸਥਾ ਦਾ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ ਹੈ।ਇਸ ਮੌਕੇ ਉਨ੍ਹਾਂ ਨੇ ਆਪ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਦੀ ਆਟਾ ਦਾਲ ਸਕੀਮ ਦੀ ਵੰਡ ਸੰਬੰਧੀ ਪਿੰਡ ਪੱਧਰ ਤੇ ਬਰੀਕੀ ਨਾਲ ਜਾਂਚ ਕਰਵਾਕੇ ਇਹ ਸਕੀਮ ਸਿਰਫ ਤੇ ਸਿਰਫ ਲੋੜਵੰਦ ਲੋਕਾਂ ਤਕ ਪਹੁੰਚਾਈ ਜਾਵੇ ਕਿਉਂਕਿ ਪਿੰਡਾਂ ਵਿੱਚ ਕਈ ਅਜਿਹੇ ਲੋਕ ਹਨ ਜੋ ਇਸ ਸਕੀਮ ਤੋਂ ਵਾਂਝੇ ਹਨ,ਪ੍ਰੰਤੂ ਲੋੜਵੰਦ ਲੋਕਾਂ ਦੀ ਬਜਾਏ ਇਸ ਦਾ ਫਾਇਦਾ ਸਰਦੇ ਪੁੱਜਦੇ ਲੋਕ ਲੈ ਰਹੇ ਹਨ।ਹੋਰਨਾਂ ਤੋਂ ਇਲਾਵਾ ਇਸ ਮੌਕੇ ਉਨ੍ਹਾਂ ਨਾਲ ਗਿਆਨੀ ਸਰਦੂਲ ਸਿੰਘ,ਡਾ:ਪੂਰਨ ਸਿੰਘ,ਤਰਲੋਕ ਸਿੰਘ ,ਬਲਵਿੰਦਰ ਸਿੰਘ ਨੇਤਾ, ਗੁਰਦੀਪ ਸਿੰਘ ਸਪੀਕਰਾਂਵਾਲੇ,ਗੁਰਦੀਪ ਸਿੰਘ ਘੁਲਾ,ਗੁਰਿੰਦਰਪਾਲ ਸਿੰਘ ਮਿੰਟਾਂ ਆਦਿ ਵੀ ਹਾਜ਼ਰ ਸਨ।

# ਮੈਡਮ ਸੁਹਿੰਦਰ ਕੌਰ ਨੇ ਪਿੰਡ ਧਾਰੜ ਦਾ ਕੀਤਾ ਧੰਨਵਾਦੀ ਦੌਰਾ, ਪਿੰਡ ਵਾਸੀਆਂ ਦੀਆਂ ਸੁਣੀਆਂ ਮੁਸ਼ਕਲਾਂ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਧਾਰੜ ਵਿਖੇ ਆਮ ਆਦਮੀ ਪਾਰਟੀ ਦੇ ਬਿਜਲੀ ਅਤੇ ਲੋਕ ਨਿਰਮਾਣ ਵਿਭਾਗ ਪੰਜਾਬ ਦੇ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਧਰਮ ਪਤਨੀ ਸ਼੍ਰੀ ਮਤੀ ਸੁਹਿੰਦਰ ਕੌਰ ਪਿੰਡ ਵਾਸੀਆਂ ਦਾ ਧੰਨਵਾਦ ਕਰਨ ਲਈ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਨਣ ਲਈ ਵਿਸੇਸ ਤੌਰ ਤੇ ਪਹੁੰਚੇ। ਇਸ ਮੌਕੇ ਉਹਨਾਂ ਦੇ ਨਾਲ ਬੀ ਡੀ ਪੀ ਓ ਜੰਡਿਆਲਾ, ਬਲਾਕ ਪ੍ਰਧਾਨ ਸੂਬੇਦਾਰ ਛਨਾਖ ਸਿੰਘ, ਮਹਿਲਾ ਵਿੰਗ ਦੀ ਪ੍ਰਧਾਨ ਸੁਨੈਨਾ ਰੰਧਾਵਾ ਵੀ ਪਹੁੰਚੇ। ਇਸ ਮੌਕੇ ਮੈਡਮ ਸੁਹਿੰਦਰ ਕੌਰ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਬਹੁਤ ਜਲਦੀ ਉਹਨਾਂ ਨੂੰ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਜਿੰਨਾ ਲੋਕਾਂ ਦੀਆਂ ਪੈਨਸ਼ਨਾ ਨਹੀਂ ਲੱਗੀਆਂ ਜਾਂ ਕਿਸੇ ਕਾਰਣ ਰੁਕੀਆਂ ਹੋਈਆਂ ਹਨ ਉਨ੍ਹਾਂ ਨੂੰ ਫਾਰਮ ਭਰ ਕੇ ਦੇਣ ਲਈ ਕਿਹਾ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਇੱਕ ਮੰਗ ਪੱਤਰ ਵੀ ਦਿੱਤਾ ਗਿਆ ਜਿਸ ਵਿੱਚ ਪਿੰਡ ਵਿੱਚ ਸਰਕਾਰੀ ਡਿਸਪੈਂਸਰੀ ਬਨਾਉਣ, ਸਕੂਲ ਦੀ ਚਾਰਦੀਵਾਰੀ, ਬਾਬਾ ਫਰੀਦ ਜੀ ( ਤਿੰਮੋਵਾਲ) ਨੂੰ ਜਾਂਦੇ ਰਾਹ ਨੂੰ ਪੱਕਾ ਕਰਨ ਅਤੇ ਪਿੰਡ ਵਿੱਚ ਬੰਦ ਪਏ ਸੁਵਿਧਾ ਕੇਂਦਰ ਨੂੰ ਚਾਲੂ ਕਰਵਾਉਣ ਆਦਿ ਮੰਗਾਂ ਸ਼ਾਮਲ ਹਨ। ਇਸ ਮੌਕੇ ਮੈਡਮ ਸੁਹਿੰਦਰ ਕੌਰ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਪਹਿਲ ਦੇ ਅਧਾਰ ਤੇ ਹੱਲ ਕੀਤੀਆਂ ਜਾਣਗੀਆਂ। ਇਸ ਮੌਕੇ ਸਰਕਲ ਪ੍ਰਧਾਨ ਕਵਲਜੀਤ ਸਿੰਘ, ਆਪ ਆਗੂ ਮਨਦੀਪ ਸਿੰਘ ਧੰਜਲ, ਗੁਰਪ੍ਰੀਤ ਸਿੰਘ ਗੁੱਪਤਾ, ਦਿਲਬਾਗ ਸਿੰਘ ਡੇਰੇ ਵਾਲੇ, ਲਖਵਿੰਦਰ ਸਿੰਘ ਸਾਹਬ, ਰਾਜਾ ਖੱਡੀ ਵਾਲੇ, ਲਖਵਿੰਦਰ ਸਿੰਘ ਲੱਖਾ, ਹਰਪ੍ਰੀਤ ਸਿੰਘ ਵਿਰਕ, ਜਗਜੀਤ ਸਿੰਘ ਵਿਰਕ, ਰਮਨ ਕੰਬੋਜ, ਕੁੱਲਦੀਪ ਸਿੰਘ ਪੱਟੀ ਵਾਲੇ, ਸੋਨੂੰ ਫੌਜੀ ਗੱਡੀ ਵਾਲੇ, ਡਾਕਟਰ ਸੁੱਖਚੰਦਨ ਸਿੰਘ, ਸੁੱਖਜੀਤ ਸਿੰਘ, ਕੁੱਲਦੀਪ ਸਿੰਘ ਮੈਂਬਰ, ਵਰਿਆਮ ਸਿੰਘ ਮੈਂਬਰ, ਜਗਜੀਤ ਸਿੰਘ, ਜਸਬੀਰ ਸਿੰਘ ਆਦਿ ਹਾਜਰ ਸਨ।



ਗਿਆਨ ਚੰਦ ਨਗਰ ਲੁਹਾਰਾ ਵਿਖੇ ਸ੍ਰੀ ਕ੍ਰਿਸਨ ਮੰਦਿਰ ਕਮੇਟੀ ਵੱਲੋਂ ਕਰਵਾਏ ਜਾ ਰਹੇ ਭਗਵਤੀ ਜਾਗਰਣ ਵਿੱਚ ਸ਼ਿਰਕਤ ਕਰਨ ਦਾ ਮੌਕਾ ਮਿਲਿਆ। ਆਸੀਰਵਾਦ ਲਈ ਸਮੁੱਚੀ ਟੀਮ ਦਾ ਬਹੁਤ ਬਹੁਤ ਧੰਨਵਾਦ।* ਰਵੀ ਨਿਸਾਦ ਪੰਜਾਬ ਸੂਬਾ ਪ੍ਰਧਾਨ *ਕਸਯਪ ਏਕਤਾ ਕ੍ਰਾਂਤੀ ਮਿਸਨ* ਕੇਸਵ ਚੌਹਾਨ ਵੱਡੇ ਭਰਾ ਸ੍ਰੀ ਰਾਮੂ ਨਿਸਾਦ ਜੀ ਵੱਡੇ ਭਰਾ ਦਿਨੇਸ ਨਿਸਾਦ ਜੀ ਸੁਰੇਸ ਪਾਂਡੇ ਜੀ ਹੋਰ ਭਰਾ ਹਾਜਰ ਸਨ। ਫੋਟੋ ਤੇ ਵੇਰਵਾ:- ਸੁਖਚੈਨ ਮਹਿਰਾ, ਲੁਧਿਆਣਾ

# ਥੈਲੇਸੀਮੀਆ ਪੀੜਤ ਬੱਚਿਆਂ ਲਈ ਖੂਨ ਦਾਨ ਕੈਂਪ ਐਤਵਾਰ ਅਰੋੜ ਬੰਸ ਹਾਲ ਪਟੇਲ ਨਗਰ



**ਜੰਡਿਆਲਾ ਗੁਰੂ /ਜਸਪਾਲ ਸ਼ਰਮਾ:-** ਆਮ ਆਦਮੀ ਪਾਰਟੀ ਵੱਲੋਂ ਲੋਕਾਂ ਦੀ ਭਲਾਈ ਵਾਸਤੇ ਖੂਨ ਦਾਨ ਕੈਂਪ ਦਾ ਅਯੋਜਨ ਕੀਤਾ ਗਿਆ।ਇਸ ਮੌਕੇ ਉਘੇ ਸਮਾਜ ਸੇਵਕ ਅਤੇ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਤੀ15 ਮਈ ਦਿਨ ਐਤਵਾਰ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਗੁਰੂ ਨਾਨਕ ਦੇਵ ਹਸਪਤਾਲ ਦੇ ਬਲੱਡ ਬੈਂਕ ਵੱਲੋ ਥੇਲੀਸੀਮੀਆਂ ਦੀ ਬਿਮਾਰੀ ਤੋਂ ਪੀੜਤ ਬੱਚਿਆਂ ਦੇ ਲਈ ਖੂਨ ਦਾਨ ਕੈਂਪ ਦਾ ਅਯੋਜਨ ਕੀਤਾ ਗਿਆ ਹੈ।ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਇਸ ਕੈਂਪ ਦਾ ਉਦਘਾਟਨ ਕਰਨਗੇ। ਇਸ ਕੈਂਪ ਵਿੱਚ ਲੋਕਾਂ ਨੂੰ ਵੱਧ ਤੋਂ ਵੱਧ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ।

# ਅੰਮ੍ਰਿਤਪਾਲ ਸਿੰਘ ਨੂੰ ਵੱਖ-ਵੱਖ ਆਗੂਆਂ ਵੱਲੋਂ ਕੀਤੇ ਗਏ ਸਰਧਾ ਦੇ ਫੁੱਲ ਭੇਂਟ




**ਅੰਮ੍ਰਿਤਸਰ/ਰਾਜਾ ਕੋਟਲੀ**

ਬੀਤੇ ਦਿਨੀ ਨਾਮਵਰ ਕਲਾਕਾਰ ਤੇ ਆਮ ਆਦਮੀ ਪਾਰਟੀ ਆਗੂ ਸੁਖਦੇਵ ਸਿੰਘ ਸੁੱਖ ਅਬਦਾਲ ਦੇ ਨੋਜ਼ਵਾਨ ਸਪੁੱਤਰ ਅੰਮ੍ਰਿਤਪਾਲ ਸਿੰਘ ਅਬਦਾਲ ਦੀ ਨਾਮੁਰਾਦ ਬਿਮਾਰੀ ਕਾਰਨ 4 ਮਈ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਜਿਸ ਦੀ ਆਤਮਿਕ ਸ਼ਾਤੀ ਲਈ ਰੱਖੇ ਗਏ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਹਲਕਾ ਮਜੀਠਾ ਪਿੰਡ ਅਬਦਾਲ ਵਿਖੇ ਪਾਏ ਗਏ।ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ਼ ਸੁਖਜਿੰਦਰ-ਰਾਜ਼ ਸਿੰਘ ਲਾਲੀ.ਮਜੀਠੀਆ ਦੀ ਧਰਮ ਸੁਪਤਨੀ ਡਾਕਟਰ ਸਤਿੰਦਰ ਕੌਰ,ਅਵਲ ਮਜੀਠਾ, ਮਾਰਕੀਟ ਕਮੇਟੀ ਦੇ ਵਾਈਸ ਚੇਅਰਮੈਨ ਗੁਰਮੁੱਖ ਸਿੰਘ ਕਾਦਰਾਂਬਾਦ, ਸਤਨਾਮ ਸਿੰਘ ਜੱਜ ਨਵਾਂ ਤਨੇਲ,ਜਥੇਦਾਰ ਸਵਰਨਜੀਤ ਸਿੰਘ ਕੁਰਾਲੀਆ,ਗਾਇਕ ਜੀਤੂ ਕੈਰੋ ਨੰਗਲ ਐਸ,ਐਸ ਟਰਾਸਫਾਰਮ, ਕੈਪਟਨ ਤਰਸੇਮ ਸਿੰਘ, ਮੱਸਾ ਸਿੰਘ ਅਬਦਾਲ, ਫੌਜੀ ਸੁਖਦੇਵ ਸਿੰਘ ਭੌਆ, ਭਿੰਦਾ ਲੈਹਰਕਾ, ਰਾਜੂ ਅਬਦਾਲ,ਨਿਸ਼ਾਨ ਸਿੰਘ ਕੋਟ ਹਿਰਦੇ,ਜਸਬੀਰ ਸਿੰਘ ਹਮਜ਼ਾ, ਰਸ਼ਪਾਲ ਸਰਮਾਂ ਮੱਤੇਵਾਲ ਆਦਿਨੇ ਹਾਜ਼ਰੀ ਲਵਾਈ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

# ਹੈਰਿਟੇਜ ਸਿਟੀ ਦੇ ਲੋਕ ਆਪਣੀਆਂ ਸਮੱਸਿਆਵਾਂ ਨੂੰ ਲੇਕਰ ਮੰਤਰੀ,ਵਿਧਾਇਕ ਦੀ ਬਜਾਏ ਅਵੀ ਰਾਜਪੂਤ ਦੇ ਕੋਲ ਪਹੁੰਚ ਲੱਗੇ

**ਕਪੂਰਥਲਾ/ਪਰਮਜੀਤ ਸੰਨੀ:-** ਹੈਰਿਟੇਜ ਸਿਟੀ ਦੇ ਲੋਕ ਆਪਣੀਆਂ ਸਮੱਸਿਆਵਾਂ ਨੂੰ ਲੇਕੇ ਮੰਤਰੀ,ਵਿਧਾਇਕ ਅਧਿਕਾਰੀਆਂ ਦੇ ਕੋਲ ਜਾਣ ਦੇ ਬਜਾਏ ਹੁਣ ਨਿਸਵਾਰਥ ਭਾਵ ਨਾਲ ਸੇਵਾ ਕਰਨਾ ਆਪਣਾ ਮਕਸਦ ਮੰਨਣ ਵਾਲੇ ਸਮਾਜ ਸੇਵਕ ਅਤੇ ਯੂਥ ਅਕਾਲੀ ਦਲ ਦੇ ਰਾਸ਼ਟਰੀ ਉਪਪ੍ਰਧਾਨ ਅਵੀ ਰਾਜਪੂਤ ਦੇ ਕੋਲ ਪਹੁੰਚ ਰਹੇ ਹਨ,ਜਿਸਦਾ ਪ੍ਰਤਖ ਪ੍ਰਮਾਣ ਪਿਛਲੇ ਕੁੱਝ ਦੀਨਾ ਤੋਂ ਦੇਖਣ ਨੂੰ ਮਿਲ ਰਿਹਾ।ਅਜਿਹਾ ਹੀ ਇੱਕ ਵਾਕਿਆ ਸ਼ਨੀਵਾਰ ਨੂੰ ਉਸ ਸਮੇਂ ਦੇਖਣ ਨੂੰ ਮਿਲਿਆ ਜਦੋਂ ਗਰੀਨ ਪਾਰਕ ਨਜ਼ਦੀਕ ਸਹਾਰਾ ਹਸਪਤਾਲ ਗੱਲੀ ਨੰਬਰ ਦੋ ਦੇ ਨਿਵਾਸੀ ਪੁੱਟੇ ਗਏ ਖੱਡੇ ਤੋਂ ਪਰੇਸ਼ਾਨ ਹੋਕੇ ਅਵੀ ਰਾਜਪੂਤ ਦੇ ਕੋਲ ਪਹੁੰਚ ਗਏ ਅਤੇ ਉਨ੍ਹਾਂਨੇ ਆਪਣੀ ਸਮੱਸਿਆ ਦੇ ਬਾਰੇ ਵਿੱਚ ਵਿਸਥਾਰ ਨਾਲ ਅਵੀ ਰਾਜਪੂਤ ਨੂੰ ਦੱਸਿਆ।ਜਿਸ ਤੇ ਅਵੀ ਰਾਜਪੂਤ ਨੇ ਤੁਰੰਤ ਮੌਕੇ ਉੱਤੇ ਪਹੁੰਚ ਕੇ ਨਗਰ ਨਿਗਮ ਦੀ ਘੱਟੀਆ ਕਾਰਜਪ੍ਰਣਾਲੀ ਨੂੰ ਕੋਸਿਆ।ਇਸ ਦੌਰਾਨ ਅਵੀ ਰਾਜਪੂਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਲੋਕਾਂ ਦੀ ਭਲਾਈ ਲਈ ਉਹ ਹਮੇਸ਼ਾ ਕਾਰਜ ਕਰਦੇ ਰਹਿਣਗੇ।ਅਵੀ ਰਾਜਪੂਤ ਨੇ ਕਿਹਾ ਕਿ ਕਿੰਨੀ ਸ਼ਰਮ ਦੀ ਗੱਲ ਹੈ ਦੀ ਚੋਣਾਂ ਦੇ ਦੌਰਾਨ ਜਿਨ੍ਹਾਂ ਲੋਕਾਂ ਦੇ ਸਾਹਮਣੇ ਨੇਤਾ ਲੋਕ ਹੱਥ ਪੈਰ ਜੋੜ ਕੇ ਵੋਟ ਮੰਗਦੇ ਹਨ,ਪਰ ਜਿੱਤਣ ਦੇ ਬਾਅਦ ਉਹੀ ਨੇਤਾ ਲੋਕਾਂ ਦੀ ਜਾਨ ਦੀ ਪਰਵਾਹ ਨਹੀਂ ਕਰਦੇ,ਜੋ ਅਤਿ ਨਿੰਦਣਯੋਗ ਹੈ।